Lally Infosys
Celebrating 25 years of Quality Education
In New Office
with Study Abroad
Lally Building
BMC Chowk, Jalandhar
94637-02119, 94637-02124

ਸੱਚ ਤੇ ਨਿਡਰ ਆਵਾਜ਼
ਰੋਜ਼ਾਨਾ
# ਲੋਕ ਬਾਣੀ

Email : Lokbani08@gmail.com ਬੁੱਧਵਾਰ, 19 ਅਪ੍ਰੈਲ 2023 ਮੁੱਖ ਸੰਪਾਦਕ:-ਅਮਨ ਮਹਿਰਾ ਜਲੰਧਰ

RNI .PUNPUN/29016/2008 ਸਾਲ 15 | ਅੰਕ 107 | ਮੁੱਲ 5ਰੁਪਏ | ਕੁੱਲ ਪੇਜ਼ 10 | ਫੈਕਸ: 0181-2211009,99155-94111

CANADA
SCHENGEN
UK/ AUSTRALIA
TOURIST VISA
1197 ਵੀਜ਼ਾ
easyvisa | CALL 9692 200200

JSDC GROUP
ਜਲੰਧਰ ਸਕਿਲ ਡਿਵੈਲਪਮੈਂਟ ਕਾਰਪੋਰੇਸ਼ਨ ®
82880 21797
82880 21798
178, ਪੁਲਿਸ ਲਾਈਨ ਰੋਡ, ਰਣਜੀਤ ਨਗਰ, ਜਲੰਧਰ - ਇੰਡੋ ਕੈਨੇਡੀਅਨ ਬੱਸ ਦਫਤਰ ਦੇ ਨੇੜੇ
ਭਾਰਤ ਸਰਕਾਰ ਦੇ ਵਿਦੇਸ਼ ਮੰਤਰਾਲੇ ਤੋਂ ਮਾਨਤਾ ਪ੍ਰਾਪਤ ਭਰਤੀ ਏਜੰਸੀ | ਲਾਇਸੰਸ ਨੰ: B-1303/PUN/PER/1000+/5/9437/2018
WWW.JSDCGROUP.COM
ਦੁਬਈ, ਕੁਵੈਤ ਅਤੇ ਯੂਰਪ ਦੇ ਦੇਸ਼ਾਂ ਵਿੱਚ ਵਰਕ ਪਰਮਿਟ ਦੀ ਜਾਣਕਾਰੀ ਲਈ ਅੱਗੇ ਦਿੱਤੇ ਨੰਬਰਾਂ 'ਤੇ ਕਾਲ ਕਰੋ ਜਾਂ ਸਾਡੇ ਫੇਸਬੁੱਕ, ਇੰਸਟਾਗ੍ਰਾਮ, ਲਿੰਕਡਇਨ, ਯੂਟਿਊਬ ਅਤੇ ਟਵਿੱਟਰ ਅਕਾਉਂਟਸ ਨੂੰ ਫਾਲੋ ਕਰੋ
JSDC GROUP - INDIA

## ਮੋਹਾਲੀ ਤੋਂ ਪੱਤਰਕਾਰ ਦੀ ਨਿਯੁਕਤੀ



ਅਦਾਰਾ ਰੋਜ਼ਾਨਾ ਲੋਕ ਬਾਣੀ ਅਖਬਾਰ ਵੱਲੋਂ ਰੀਤਿਸ਼ ਕੁਮਾਰ ਨਾਹਰ ਨੂੰ ਮੋਹਾਲੀ ਤੋਂ ਪੱਤਰਕਾਰ ਨਿਯੁਕਤ ਕੀਤਾ ਜਾਂਦਾ ਹੈ। ਖਬਰਾ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ ।
ਮੋ:- 9501171717


## ਪੰਜਾਬ ਸਮੇਤ ਕਈ ਰਾਂਜਾ ਦੇ ਵਿਦਿਆਰਥੀਆਂ ਨੂੰ ਆਸਟਰੇਲੀਆ ਦੀਆਂ ਪੰਜ ਯੂਨੀਵਰਸਿਟੀਆ ਨਹੀਂ ਦੇਣਗੀਆਂ ਦਾਖਲਾ

**ਮੈਲਬਰਨ (ਲੋਕ ਬਾਣੀ )** ਫ਼ਰਜ਼ੀ ਅਰਜ਼ੀਆਂ ਦੇ ਵਧਣ ਕਾਰਨ ਘੱਟੋ-ਘੱਟ ਪੰਜ ਆਸਟਰੇਲਿਆਈ ਯੂਨੀਵਰਸਿਟੀਆਂ ਨੇ ਕੁਝ ਭਾਰਤੀ ਰਾਜਾਂ ਦੇ ਵਿਦਿਆਰਥੀਆਂ ਦੇ ਦਾਖਲੇ 'ਤੇ ਪਾਬੰਦੀ ਲਗਾ ਦਿੱਤੀ ਹੈ। ਆਸਟਰੇਲੀਆ ਵਿਚ ਇਸ ਸਾਲ ਭਾਰਤੀ ਵਿਦਿਆਰਥੀਆਂ ਦੀ ਗਿਣਤੀ 75,000 ਦੇ 2019 ਦੇ ਅੰਕੜੇ ਨੂੰ ਪਾਰ ਕਰਨ ਦੀ ਸੰਭਾਵਨਾ ਹੈ। ਗਲੋਬਲ ਐਜੂਕੇਸ਼ਨ ਫਰਮ ਨੇਵਿਟਾਸ ਦੇ ਜੌਹਨ ਚਿਊ ਨੇ ਕਿਹਾ, 'ਆਉਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਉਮੀਦ ਨਾਲੋਂ ਕਿਤੇ ਵੱਧ ਹੈ। ਸਾਨੂੰ ਪਤਾ ਸੀ ਕਿ ਗਿਣਤੀ ਕਾਫੀ ਵਧੇਗੀ ਪਰ ਇਸ ਦੇ ਨਾਲ ਹੀ ਫਰਜ਼ੀ



ਵਿਦਿਆਰਥੀਆਂ ਦੀ ਗਿਣਤੀ ਵੀ ਵਧੀ ਹੈ।' ਰਿਪੋਰਟ 'ਚ ਕਿਹਾ ਗਿਆ ਹੈ ਕਿ ਕਈ ਯੂਨੀਵਰਸਿਟੀਆਂ ਹੁਣ ਸਥਿਤੀ ਨਾਲ ਨਜਿੱਠਣ ਲਈ ਪਾਬੰਦੀਆਂ ਲਗਾ ਰਹੀਆਂ ਹਨ। ਵਿਕਟੋਰੀਆ ਯੂਨੀਵਰਸਿਟੀ, ਐਡਿਥ ਕੋਵਾਨ ਯੂਨੀਵਰਸਿਟੀ, ਵੋਲੋਂਗੋਂਗ ਯੂਨੀਵਰਸਿਟੀ, ਟੋਰੇਨਸ ਯੂਨੀਵਰਸਿਟੀ ਅਤੇ ਸਾਊਥ ਕਰਾਸ ਯੂਨੀਵਰਸਿਟੀ ਨੇ ਭਾਰਤੀ ਵਿਦਿਆਰਥੀਆਂ ਦੀਆਂ ਅਰਜ਼ੀਆਂ 'ਤੇ ਪਾਬੰਦੀਸ਼ੁਦਾ ਕਾਰਵਾਈ ਕੀਤੀ ਹੈ। ਫਰਵਰੀ ਵਿੱਚ ਪਰਥ ਸਥਿਤ ਐਡਿਥ ਕੋਵਾਨ ਯੂਨੀਵਰਸਿਟੀ ਨੇ ਪੰਜਾਬ ਅਤੇ ਹਰਿਆਣਾ ਰਾਜਾਂ ਦੇ ਬਿਨੈਕਾਰਾਂ 'ਤੇ ਪਾਬੰਦੀ ਲਗਾ ਦਿੱਤੀ ਸੀ। ਇਸ ਤੋਂ ਬਾਅਦ ਮਾਰਚ ਵਿੱਚ ਵਿਕਟੋਰੀਆ ਯੂਨੀਵਰਸਿਟੀ ਨੇ ਉੱਤਰ ਪ੍ਰਦੇਸ਼, ਰਾਜਸਥਾਨ ਅਤੇ ਗੁਜਰਾਤ ਸਮੇਤ ਅੱਠ ਭਾਰਤੀ ਰਾਜਾਂ ਦੇ ਵਿਦਿਆਰਥੀਆਂ ਦੀਆਂ ਅਰਜ਼ੀਆਂ 'ਤੇ ਪਾਬੰਦੀਆਂ ਵਧਾ ਦਿੱਤੀਆਂ।

## ਜੰਮੂ ਕਸ਼ਮੀਰ ਚ ਪਹਾੜਾਂ ਵਿੱਚ ਹੋਈ ਬਰਫਬਾਰੀ



**ਸ੍ਰੀਨਗਰ (ਲੋਕ ਬਾਣੀ )** ਜੰਮੂ-ਕਸ਼ਮੀਰ ਦੇ ਕੁਝ ਉੱਚੇ ਇਲਾਕਿਆਂ 'ਚ ਤਾਜ਼ਾ ਬਰਫਬਾਰੀ, ਜਦਕਿ ਮੈਦਾਨੀ ਇਲਾਕਿਆਂ 'ਚ ਬਾਰਸ਼ ਹੋਈ। ਅਧਿਕਾਰੀਆਂ ਮੁਤਾਬਕ ਕੰਟਰੋਲ ਰੇਖਾ (ਐੱਲਓਸੀ) ਦੇ ਨੇੜੇ ਮਾਛਿਲ 'ਚ ਕਰੀਬ ਤਿੰਨ ਇੰਚ ਬਰਫਬਾਰੀ ਦਰਜ ਕੀਤੀ ਗਈ। ਸ੍ਰੀਨਗਰ ਸ਼ਹਿਰ ਸਮੇਤ ਮੈਦਾਨੀ ਇਲਾਕਿਆਂ ਵਿੱਚ ਰਾਤ ਭਰ ਮੀਂਹ ਪਿਆ, ਜਿਸ ਨਾਲ ਤਾਪਮਾਨ ਵਿੱਚ ਗਿਰਾਵਟ ਆਈ।

## ਨਗਰ ਨਿਗਮ ਵਿਭਾਗ ਦੇ ਇੰਸਪੈਕਟਰ ਤੇ ਕਲਰਕ ਰਿਸ਼ਵਤ ਮਾਮਲੇ ਵਿੱਚ ਕਾਬੂ

**ਲੁਧਿਆਣਾ (ਸੁਖਚੈਨ ਮਹਿਰਾ)** ਵਿਜੀਲੈਂਸ ਬਿਊਰੋ ਨੇ ਨਗਰ ਨਿਗਮ ਵਿਚ ਤਾਇਨਾਤ ਬਿਲਡਿੰਗ ਇੰਸਪੈਕਟਰ ਵਿਸ਼ਾਲ ਰਾਮਪਾਲ ਅਤੇ ਕਲਰਕ ਗੁਰਵਿੰਦਰ ਸਿੰਘ ਗੁਰੀ ਨੂੰ ਦੋ ਕਿਸ਼ਤਾਂ ਵਿਚ 6,000 ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਵਿਸ਼ਾਲ ਰਾਮਪਾਲ ਦਾ ਹੁਣ ਨਗਰ ਨਿਗਮ



ਅੰਮ੍ਰਿਤਸਰ ਤਬਾਦਲਾ ਕਰ ਦਿੱਤਾ ਗਿਆ ਹੈ। ਵਿਜੀਲੈਂਸ ਵਲੋਂ ਇਹ ਕਾਰਵਾਈ ਹੈਬੋਵਾਲ ਦੇ ਰਹਿਣ ਵਾਲੇ ਜੁਗਲ ਕਿਸ਼ੋਰ ਸ਼ਿਕਾਇਤ 'ਤੇ ਅਮਲ ਵਿਚ ਲਿਆਂਦੀ ਹੈ। ਕਥਿਤ ਦੋਸ਼ੀਆਂ ਨੇ ਸ਼ਿਕਾਇਤਕਰਤਾ ਪਾਸੋਂ ਇਹ ਰਿਸ਼ਵਤ ਉਸ ਦੀ ਇਮਾਰਤ ਦਾ ਇਤਰਾਜ਼ਹੀਣਤਾ ਸਰਟੀਫ਼ਿਕੇਟ ਜਾਰੀ ਕਰਨ ਬਦਲੇ ਹਾਸਲ ਕੀਤੀ ਸੀ।

## ਜਲੰਧਰ ਜਿਲ੍ਹੇ ਚ ਸਮੱਗਲਰਾਂ ਤੇ ਪੁਲਿਸ ਵਿਚ ਹੋਇਆ ਮੁਕਾਬਲਾ

**ਜਲੰਧਰ ( ਹਰਬੰਸ ਬਿੱਟੂ)** ਬੀਤੀ ਸ਼ਾਮ ਹਥਿਆਰਬੰਦ ਸਮੱਗਲਰਾਂ ਦੇ ਗਿਰੋਹ ਨੂੰ ਫੜਨ ਗਈ ਪੁਲਸ ਦੀ ਉਨ੍ਹਾਂ ਨਾਲ ਮੁੱਠਭੇੜ ਹੋ ਗਈ। ਇਕ ਸਮੱਗਲਰ ਪੁਲਸ ਦੀ ਗੋਲੀ ਲੱਗਣ ਨਾਲ ਜ਼ਖ਼ਮੀ ਹੋਣ ਦੇ ਬਾਵਜੂਦ ਆਪਣੇ ਸਾਥੀ ਨਾਲ ਪੁਲਸ ਨੂੰ ਧੋਖਾ ਦੇ ਕੇ ਫ਼ਰਾਰ ਹੋਣ 'ਚ ਸਫ਼ਲ ਹੋ ਗਿਆ, ਜਦੋਂਕਿ ਉਨ੍ਹਾਂ ਦੇ ਇਕ ਸਾਥੀ ਰਾਹੁਲ ਜਿਸ ਦੇ ਘਰ 'ਚ ਉਹ ਪਨਾਹ ਲੈ ਕੇ ਲੁਕੇ ਹੋਏ ਸਨ, ਨੂੰ ਫੜਨ 'ਚ ਪੁਲਸ ਸਫ਼ਲ ਰਹੀ। ਸੂਚਨਾ ਮੁਤਾਬਕ ਬੀਤੇ ਹਫ਼ਤੇ 'ਜਗ ਬਾਣੀ' ਨੇ ਸੂਤਰਾਂ ਦੇ ਹਵਾਲੇ ਨਾਲ ਵੱਡਾ ਖ਼ੁਲਾਸਾ ਕੀਤਾ ਸੀ ਕਿ ਸ਼ਹਿਰ ਵਿਚ ਇਕ ਗਿਰੋਹ ਹਥਿਆਰਾਂ ਦੀ ਖੇਪ ਨਾਲ ਪੁੱਜ ਚੁੱਕਾ ਹੈ, ਜਿਸ ਤੋਂ ਬਾਅਦ ਪੁਲਸ ਪ੍ਰਸ਼ਾਸਨ ਚੌਕਸ ਹੋ ਗਿਆ। ਉਕਤ ਗਿਰੋਹ ਨੇ ਆਪਣਾ ਦਬਦਬਾ ਕਾਇਮ ਕਰਨ ਲਈ ਖੁੱਡ ਮੁਹੱਲੇ ਦੇ ਰਹਿਣ ਵਾਲੇ ਚੰਦਰ ਸ਼ੇਖਰ ਨਾਲ ਹੋਈ ਮਾਮੂਲੀ ਜਿਹੀ ਤਕਰਾਰ ਤੋਂ ਬਾਅਦ ਉਸ ਦੇ ਘਰ 'ਤੇ 6 ਤੋਂ 7 ਰਾਊਂਡ ਫਾਇਰ ਕਰ ਕੇ ਦਹਿਸ਼ਤ ਫੈਲਾ ਦਿੱਤੀ ਸੀ।

## ਵਿਦੇਸ਼ ਵਿੱਚ ਗੁਰਦਆਰਾ ਗੋਲੀਬਾਰੀ ਮਾਮਲੇ ਚੱ 17 ਗ੍ਰਿਫਤਾਰ

**ਵਾਸ਼ਿੰਗਟਨ (ਲੋਕ ਬਾਣੀ )** ਅਮਰੀਕਾ ਵਿੱਚ ਕੈਲੀਫੋਰਨੀਆ ਪੁਲੀਸ ਨੇ ਸਟਾਕਟਨ ਅਤੇ ਸੈਕਰਾਮੈਂਟੋ ਅਤੇ ਹੋਰ ਥਾਵਾਂ ਦੇ ਗੁਰਦੁਆਰਿਆਂ ਵਿੱਚ ਗੋਲੀਬਾਰੀ ਦੀਆਂ ਘਟਨਾਵਾਂ ਸਬੰਧੀ 17 ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਏਕੇ-47 ਰਾਈਫਲ, ਪਿਸਤੌਲਾਂ ਅਤੇ ਮਸ਼ੀਨਗੰਨਾਂ ਵਰਗੇ ਹਥਿਆਰ ਬਰਾਮਦ ਕੀਤੇ ਹਨ। ਇਹ ਗ੍ਰਿਫਤਾਰੀਆਂ 20 ਤੋਂ ਵੱਧ ਥਾਵਾਂ 'ਤੇ ਛਾਪੇਮਾਰੀ ਦੌਰਾਨ ਕੀਤੀਆਂ ਗਈਆਂ ਹਨ। ਵੱਡੀ ਕਾਰਵਾਈ ਦੌਰਾਨ 17 ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿਚ ਜ਼ਿਆਦਾਤਰ ਸਥਾਨਕ ਸਿੱਖ ਭਾਈਚਾਰੇ ਦੇ ਮੈਂਬਰ ਹਨ। ਗ੍ਰਿਫਤਾਰ ਕੀਤੇ ਦੋ ਵਿਅਕਤੀ ਮਾਫੀਆ ਦੇ ਮੈਂਬਰ ਹਨ ਅਤੇ ਭਾਰਤ ਵਿੱਚ ਕਈ ਕਤਲ ਕੇਸਾਂ ਵਿੱਚ ਲੋੜੀਂਦੇ ਹਨ। ਗ੍ਰਿਫਤਾਰ ਕੀਤੇ ਵਿਅਕਤੀ ਇੱਕ ਵਿਰੋਧੀ ਅਪਰਾਧੀ ਗਰੋਹ ਦਾ ਹਿੱਸਾ ਹਨ ਅਤੇ ਕਥਿਤ ਤੌਰ 'ਤੇ ਕਈ ਹਿੰਸਕ ਘਟਨਾਵਾਂ ਅਤੇ ਗੋਲੀਬਾਰੀ ਵਿੱਚ ਸ਼ਾਮਲ ਹਨ।

## ਪੰਜਾਬ ਵਿੱਚ ਮੌਸਮ ਬਦਲ ਸਕਦਾ ਹੈ

**ਜਲੰਧਰ (ਰਾਕੇਸ਼ ਵਰਮਾ)** ਪਿਛਲੇ ਕੁੱਝ ਦਿਨਾਂ ਤੋਂ ਲਗਾਤਾਰ ਗਰਮੀ ਨੇ ਆਪਣਾ ਜ਼ੋਰ ਦਿਖਾਇਆ ਹੈ ਪਰ ਆਉਣ ਵਾਲੇ ਕੁੱਝ ਦਿਨ ਅੰਦਰ ਤਾਪਮਾਨ 'ਚ ਗਿਰਾਵਟ ਆਉਣ ਦੀ ਸੰਭਾਵਨਾ ਹੈ। ਬੀਤੇ ਦਿਨ ਤਾਪਮਾਨ 'ਚ 0.5 ਡਿਗਰੀ ਸੈਲਸੀਅਸ ਦਾ ਵਾਧਾ ਦਰਜ ਕੀਤਾ ਗਿਆ ਹੈ। ਆਮ ਨਾਲੋਂ ਬੀਤੇ ਦਿਨ ਤਾਪਮਾਨ 4.8 ਡਿਗਰੀ ਸੈਲਸੀਅਸ ਵੱਧ ਦਰਜ ਕੀਤਾ ਗਿਆ ਹੈ। ਸੂਬੇ 'ਚ ਸਭ ਤੋਂ ਵੱਧ ਤਾਪਮਾਨ ਦੀ ਗੱਲ ਕੀਤੀ ਜਾਵੇ ਤਾਂ ਫਰੀਦਕੋਟ ਦਾ ਤਾਪਮਾਨ 42.7 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ ਹੈ। ਦੂਜੇ ਪਾਸੇ ਘੱਟੋ-ਘੱਟ ਤਾਪਮਾਨ 'ਚ ਵੀ 0.2 ਡਿਗਰੀ ਸੈਲਸੀਅਸ ਦਾ ਵਾਧਾ ਦਰਜ ਕੀਤਾ ਗਿਆ ਹੈ, ਜੋ ਔਸਤਨ ਨਾਲੋਂ 2.2 ਡਿਗਰੀ ਸੈਲਸੀਅਸ ਵੱਧ ਹੈ।

## ਲਾਰੇਂਸ ਬਿਸ਼ਨੋਈ ਦਾ 7ਦਿਨ ਦਾ ਰਿਮਾਂਡ NIA ਨੂੰ ਮਿਲਿਆ



**ਦਿੱਲੀ (ਕਪਰ)** ਦਿੱਲੀ ਦੀ ਪਟਿਆਲਾ ਹਾਊਸ ਕੋਰਟ ਨੇ ਗੈਂਗਸਟਰ ਲਾਰੇਂਸ ਬਿਸ਼ਨੋਈ ਨੂੰ ਨੂੰ 7 ਦਿਨਾਂ ਦੀ ਰਿਮਾਂਡ ਉਤੇ ਭੇਜ ਦਿੱਤਾ ਹੈ। ਇਸ ਦੇ ਨਾਲ ਹੀ ਅਦਾਲਤ ਨੇ ਹਿਰਾਸਤ ਖਤਮ ਹੋਣ ਤੋਂ ਬਾਅਦ ਸਬੂਤ ਪੇਸ਼ ਕਰਨ ਲਈ ਕਿਹਾ ਹੈ। ਇਸ ਤੋਂ ਪਹਿਲਾਂ ਪੰਜਾਬ ਦੀ ਬਠਿੰਡਾ ਕੇਂਦਰੀ ਜੇਲ੍ਹ ਵਿੱਚ ਬੰਦ ਲਾਰੈਂਸ ਬਿਸ਼ਨੋਈ ਨੂੰ ਸੋਮਵਾਰ ਨੂੰ ਐਨਆਈਏ ਵੱਲੋਂ ਇੱਕ ਮਾਮਲੇ ਵਿੱਚ ਪੁੱਛਗਿੱਛ ਲਈ ਦਿੱਲੀ ਲਿਆਂਦਾ ਗਿਆ ਸੀ ਅਤੇ ਅੱਜ ਉਸ ਨੂੰ ਦਿੱਲੀ ਦੀ ਪਟਿਆਲਾ ਹਾਊਸ ਕੋਰਟ ਵਿੱਚ ਪੇਸ਼ ਕੀਤਾ ਗਿਆ। ਜਿੱਥੋਂ ਅਦਾਲਤ ਨੇ ਰਿਮਾਂਡ 'ਤੇ ਭੇਜ ਦਿੱਤਾ ਹੈ।

agi infra
AGI INFRA LTD.
(BUILDERS & DEVELOPERS)
For Project Details Or Any Query Call: 0181-2681986
info@agiinfra.com | www.agiinfra.com




ਪੱਤਰਕਾਰਾਂ ਲਈ ਸੁਨਹਿਰਾ ਮੌਕਾ
ਪੰਜਾਬ ਦੇ ਹਰ ਜਿਲੇ ਤੋਂ ਰੋਜਾਨਾ ਲੋਕ ਬਾਣੀ ਅਖਬਾਰ ਲਈ ਪੱਤਰਕਾਰਾਂ ਦੀ ਲੋੜ ਹੈ। ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫ਼ਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਂਕ ਜਲੰਧਰ 99155-94111

# ਅਕਾਲੀ ਦਲ ਦੇ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਜਲੰਧਰ ਜ਼ਮਿਨੀ ਚੋਣ ਲਈ ਅਕਾਲੀ ਦਲ ਤੇ ਬਸਪਾ ਗਠਜੋੜ ਦੇ ਸਾਂਝੇ ਉਮੀਦਵਾਰ ਵਜੋਂ ਨਾਮਜ਼ਦਗੀ ਪੱਤਰ ਭਰੇ

## "ਜਲੰਧਰ ਦੇ ਵੋਟਰਾਂ ਨੂੰ ਵੰਡ ਪਾਊ ਸਿਆਸਤ ਕਰਨ ਵਾਲੀਆਂ ਪਾਰਟੀਆਂ ਨੂੰ ਕਰਾਰਾ ਸਬਕ ਸਿਖਾਉਣ ਦੀ ਕੀਤੀ ਅਪੀਲ"

**ਜਲੰਧਰ (ਸਤਿੰਦਰ ਪਾਲ ਸਿੰਘ)** ਸ੍ਰੋਮਣੀ ਅਕਾਲੀ ਦਲ ਅਤੇ ਬਹੁੱਜਨ ਸਮਾਜ ਪਾਰਟੀ ਦੇ ਸਾਂਝੇ ਉਮੀਦਵਾਰ ਅਤੇ ਬੰਗਾ ਤੋਂ ਅਕਾਲੀ ਦਲ ਦੇ ਵਿਧਾਇਕ ਡਾ. ਸੁਖਵਿੰਦਰ ਕੁਮਾਰ ਸੁੱਖੀ ਨੇ ਅੱਜ ਜਲੰਧਰ ਪਾਰਲੀਮਾਨੀ ਹਲਕੇ ਦੀ ਜ਼ਿਮਨੀ ਚੋਣ ਵਾਸਤੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ ਅਤੇ ਵੋਟਰਾਂ ਨੂੰ ਅਪੀਲ ਕੀਤੀ ਕਿ ਵੰਡ ਪਾਊ ਸਿਆਸਤ ਕਰਨ ਵਾਲੀਆਂ ਸਾਰੀਆਂ ਪਾਰਟੀਆਂ ਨੂੰ ਕਰਾਰਾ ਸਬਕ ਸਿਖਾਇਆ ਜਾਵੇ ਅਤੇ ਉਹਨਾਂ ਜ਼ੋਰ ਦੇ ਕੇ ਕਿਹਾ ਕਿ ਸਿਰਫ ਅਕਾਲੀ ਦਲ ਤੇ ਬਸਪਾ ਗਠਜੋੜ ਹੀ ਸੂਬੇ ਵਿਚ ਪ੍ਰਭਾਵਸ਼ਾਲੀ ਬਦਲਾਅ ਲਿਆ ਸਕਦਾ ਹੈ। ਜ਼ਿਲ੍ਹਾ ਰਿਟਰਨਿੰਗ ਅਫਸਰ ਕੋਲ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾ. ਸੁਖਵਿੰਦਰ ਸੁੱਖੀ ਨੇ ਕਿਹਾ ਕਿਜਲੰਧਰ ਨੇ ਪਹਿਲਾਂ ਕਾਂਗਰਸ ਤੇ ਫਿਰ ਆਪ ਸਰਕਾਰ ਵਿਚ ਬਹੁਤ ਸੰਤਾਪ ਹੰਢਾਇਆ ਹੈ। ਦੋਵੇਂ ਸਰਕਾਰਾਂ ਕੇਂਦਰੀ ਸਕੀਮਾਂ ਦਾ ਲਾਭ ਲੈਣ ਅਤੇ ਜ਼ਿਲ੍ਹਾ ਹਸਪਤਾਲ ਨੂੰ ਮੈਡੀਕਲ ਕਾਲਜ



ਵਿਚ ਤਬਦੀਲ ਕਰਨ ਵਿਚ ਨਾਕਾਮ ਰਹੀਆਂ ਹਨ। ਉਹਨਾਂ ਕਿਹਾ ਕਿ ਸ਼ਹਿਰੀ ਬੁਨਿਆਦੀ ਢਾਂਚਾ ਦਾ ਬਹੁਤ ਮਾੜਾ ਹੈ। ਕੱਲ੍ਹ ਹੀ ਉਹ ਗੁਰੂ ਨਾਨਕਪੁਰਾਰੇਲਵੇ ਫਾਟਕ 'ਤੇ ਇਕ ਘੰਟੇ ਤੱਕ ਫਸੇ ਰਹੇ। ਡਾ. ਸੁੱਖੀ ਨੇ ਜ਼ੋਰ ਦੇ ਕੇ ਕਿਹਾ ਕਿ ਸਾਰੀਆਂ ਭਲਾਈ ਸਕੀਮਾਂ ਠੱਪ ਹੋ ਗਈਆਂ ਹਨ। ਉਹਨਾਂ ਕਿਹਾ ਕਿ ਆਪ ਸਰਕਾਰ ਨੇ ਅਕਾਲੀ ਦਲ ਵੱਲੋਂ ਦਿੱਤੀਆਂ ਜਾ ਰਹੀਆਂ 200ਯੂਨਿਟ ਮੁਫਤ ਬਿਜਲੀ ਦੀਆਂ ਯੂਨਿਟਾਂ ਨੂੰ ਵਧਾ ਕੇ 300 ਤਾਂ ਕਰ ਦਿੱਤਾ ਹੈ ਪਰ ਇਸਦੇ ਬਦਲੇ ਵਿਚ ਪੰਜਾਬੀਆਂ ਨੂੰ ਮਿਲ ਰਹੇ ਭਲਾਈ ਲਾਭ ਖਤਮ ਕਰ ਦਿੱਤੇ ਹਨ। ਉਹਨਾਂ ਕਿਹਾ ਕਿ ਆਟਾ ਦਾਲ ਸਕੀਮ ਵਿਚ ਹੁਣ ਦਾਲਾਂ ਨਹੀਂ ਦਿੱਤੀਆਂ ਜਾ ਰਹੀਆਂ। ਇਕ ਲੱਖ ਤੋਂ ਜ਼ਿਆਦਾ ਨੀਲੇ ਕਾਰਡ ਕੱਟ ਦਿੱਤੇ ਗਏ ਹਨ। ਆਯੁਸ਼ਮਾਨ ਸਿਹਤਕਾਰਡ ਜੋ ਕਾਂਗਰਸ ਪਾਰਟੀ ਨੇ ਬੰਦ ਕਰ ਦਿੱਤੇ ਸਨ, ਉਹ ਮੁੜ ਸ਼ੁਰੂ ਨਹੀਂ ਕੀਤੇ ਗਏ। ਉਹਨਾਂ ਕਿਹਾ



ਕਿ ਸੂਬੇ ਵਿਚ ਸਾਰੀਆਂ ਔਰਤਾਂ ਨੂੰ 1000 ਰੁਪਏ ਦੇਣ ਦਾ ਵਾਅਦਾਪੂਰਾ ਨਹੀਂ ਕੀਤਾ ਗਿਆ ਜਾ ਰਿਹਾ। ਇਸ ਮੌਕੇ ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਮੁੱਖ ਮੰਤਰੀ ਵੱਲੋਂ ਕੱਲ੍ਹ ਆਪ ਉਮੀਦਵਾਰ ਦੇ ਨਾਮਜ਼ਦਗੀ ਪੱਤਰ ਦਾਖਲ ਕਰਨ ਵੇਲੇ ਚੋਣ ਜ਼ਾਬਤੇ ਦੀਬੁਰੀ ਤਰ੍ਹਾਂ ਉਲੰਘਣਾ ਕਰਨ ਦੀ ਜ਼ੋਰਦਾਰ ਨਿਖੇਧੀ ਕੀਤੀ। ਉਹਨਾਂ ਕਿਹਾ ਕਿ ਪ੍ਰਸ਼ਾਸਨ ਨੂੰ ਚਾਹੀਦਾ ਸੀ ਕਿ ਉਹ ਸ਼ਹਿਰ ਵਿਚ ਗੈਰ ਕਾਨੂੰਨੀ ਹੋਰਡਿੰਗ ਲਗਾਉਣ ਸਮੇਤ ਹੋਰਉਲੰਘਣਾਵਾਂ ਦਾ ਤੁਰੰਤ ਨੋਟਿਸ ਲੈਂਦਾ। ਉਹਨਾਂ ਦੱਸਿਆ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਵੀ ਅੱਜ ਡਾ. ਸੁੱਖੀ ਦੇ ਨਾਮਜ਼ਦਗੀ ਪੱਤਰ ਦਾਖਲ ਕਰਵਾਉਣ ਵੇਲੇ ਆਪ ਨਾਲ ਆਉਣਾ ਸੀ ਪਰ ਉਹਨਾਂ ਨੂੰ ਮੁਹਾਲੀ ਵਿਚ ਦਾਖਲ ਸਾਬਕਾ ਮੁੱਖ ਮੰਤਰੀ ਸਰਦਾਰ ਪ੍ਰਕਾਸ਼ ਸਿੰਘ ਬਾਦਲ ਦਾ ਪਤਾ ਲੈਣ ਜਾਣਾ ਪਿਆ।

ਬਸਪਾ ਦੇ ਸੂਬਾ ਪ੍ਰਧਾਨ ਸਰਦਾਰ ਜਸਬੀਰ ਸਿੰਘ ਗੜ੍ਹੀ ਨੇ ਇਸ ਮੌਕੇ ਕਿਹਾ ਕਿ ਆਪ ਸਰਕਾਰ ਬਾਬਰਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਵਿਰਾਸਤ ਨੂੰ ਰੋਲ ਰਹੀਹੈ। ਉਹਨਾਂ ਕਿਹਾ ਕਿ ਬਾਬਾ ਸਾਹਿਬ ਦੀ ਜਯੰਤੀ 'ਤੇ ਕੋਈ ਸਰਕਾਰੀ ਸਮਾਗਮ ਨਹੀ ਕੀਤਾ ਗਿਆ ਤੇ ਉਹਨਾਂ ਨਾਲ ਜੁੜੇ ਇਤਿਹਾਸਕ ਅਸਥਾਨ ਖੁਰਾਲਗੜ੍ਹ ਸਾਹਿਬ ਨੂੰਵੀ ਵਿਕਸਤ ਨਹੀਂ ਕੀਤਾ ਜਾ ਰਿਹਾ।

ਇਸ ਮੌਕੇ ਸੀਨੀਅਰ ਬਸਪਾ ਆਗੂ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਲੈ ਕਿਹਾ ਕਿ ਪਿਛਲੇ 9 ਸਾਲਾਂ ਵਿਚ ਭਾਰਤੀ ਜਨਤਾ ਪਾਰਟੀ ਨੇ ਸਮਾਜ ਦੇ ਘੱਟ ਗਿਣਤੀ ਤੇਕਮਜ਼ੋਰ ਵਰਗਾਂ ਨਾਲ ਵਿਤਕਰਾ ਕੀਤਾ ਹੈ। ਉਹਨਾਂ ਕਿਹਾ ਕਿ ਇਥੇ ਹੀ ਬੱਸ ਨਹੀਂ ਬਲਕਿ ਭਾਜਪਾ ਤੇ ਆਪ ਰਲ ਕੇ ਸਿੱਖ ਨੌਜਵਾਨਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਅਤੇਅਜਨਾਲਾ ਘਟਨਾ ਮਗਰੋਂ ਨਿਰਦੋਸ਼ ਸਿੱਖ ਨੌਜਵਾਨਾਂ ਖਿਲਾਫ ਐਨ ਐਸ ਏ ਲਗਾਈ ਜਾ ਰਹੀ ਹੈ। ਉਹਨਾਂ ਕਿਹਾ ਕਿ ਇਕੱਲਾ ਅਕਾਲੀ ਦਲ ਤੇ ਬਸਪਾ ਗਠਜੋੜ ਹੀ ਹੈ ਜੋਆਮ ਲੋਕਾਂ ਦੇ ਹੱਕਾਂ ਦੀ ਰਾਖੀ ਵਾਸਤੇ ਕੰਮ ਕਰ ਰਿਹਾਹੈ। ਇਸ ਮੌਕੇ ਸੀਨੀਅਰ ਆਗੂ ਸ੍ਰੀ ਪਵਨ ਕੁਮਾਰ ਟੀਨੂੰ, ਸ੍ਰੀ ਨਛੱਤਰਪਾਲ, ਸ੍ਰੀ ਬਲਦੇਵ ਖਹਿਰਾ, ਗੁਰਲਾਲ ਸੈਲਾ, ਬਲਵਿੰਦਰ ਕੁਮਾਰ ਅਤੇ ਐਡਵੋਕੇਟ ਅਰਸ਼ਦੀਪ ਕਲੇਰ ਵੀਮੌਜੂਦ ਸਨ।

# ਪੰਜਾਬ ਸਰਕਾਰ ਵੱਲੋਂ ਰਜਿਸਟਰਡ ਉਦਯੋਗਿਕ ਕਿਰਤੀਆਂ ਦੀਆਂ ਲੜਕੀਆਂ ਦੀ ਸ਼ਾਦੀ ਲਈ ਚਲਾਈ ਜਾ ਰਹੀ ਹੈ ਵਿਸ਼ੇਸ਼ ਸ਼ਗਨ ਸਕੀਮ

## ਡਿਪਟੀ ਕਮਿਸ਼ਨਰ ਵੱਲੋਂ ਉਦਯੋਗਿਕ ਕਿਰਤੀਆਂ ਨੂੰ ਇਸ ਯੋਜਨਾ ਦਾ ਲਾਭ ਉਠਾਉਣ ਦੀ ਅਪੀਲ

**ਗੁਰਦਾਸਪੁਰ (ਨਵਨੀਤ ਕੁਮਾਰ)** ਪੰਜਾਬ ਸਰਕਾਰ ਵੱਲੋਂ ਉਦਯੋਗਿਕ ਕਿਰਤੀਆਂ ਦੀਆਂ ਲੜਕੀਆਂ ਦੀ ਸ਼ਾਦੀ ਲਈ ਵਿਸ਼ੇਸ਼ ਸ਼ਗਨ ਸਕੀਮ ਚਲਾਈ ਜਾ ਰਹੀ ਹੈ ਜਿਸ ਤਹਿਤ ਰਜ਼ਿਸਟਰਡ ਉਦਯੋਗਿਕ ਕਿਰਤੀ ਆਪਣੀ ਧੀ ਦੀ ਸ਼ਾਦੀ ਮੌਕੇ ਇਸ ਸਕੀਮ ਦਾ ਲਾਭ ਲੈ ਸਕਦੇ ਹਨ। ਇਸ ਸਕੀਮ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਇਸ ਸਕੀਮ ਦਾ ਲਾਭ ਕੇਵਲ ਉਨ੍ਹਾਂ ਉਦਯੋਗਿਕ ਕਿਰਤੀਆਂ ਨੂੰ ਮਿਲੇਗਾ ਜੋ ਪੰਜਾਬ ਲੇਬਰ ਵੈਲਫੇਅਰ ਫੰਡ ਐਕਟ-1965 ਅਧੀਨ ਰਜਿਸਟਰਡ ਅਦਾਰੇ/ਇਸਟੈਬਲਿਸ਼ਮੈਂਟ ਵਿੱਚ ਕੰਮ ਕਰਦੇ ਹੋਣ ਅਤੇ ਪੰਜਾਬ ਲੇਬਰ ਵੈਲਫੇਅਰ ਫੰਡ ਵਿੱਚ ਲਗਾਤਾਰ ਯੋਗਦਾਨ ਦੇ ਰਹੇ ਹੋਣ। ਉਨ੍ਹਾਂ ਦੱਸਿਆ ਕਿ ਕਿਰਤੀ ਆਪਣੀ ਧੀ ਦੇ ਵਿਆਹ ਦੀ ਨਿਰਧਾਰਤ ਮਿਤੀ ਤੱਕ ਸਬੰਧਤ ਸਹਾਇਕ ਕਿਰਤ ਕਮਿਸ਼ਨਰ/ ਕਿਰਤ ਸੁਲਾਹ ਅਫ਼ਸਰ ਨੂੰ ਨਿਰਧਾਰਤ ਫਾਰਮ 'ਤੇ ਪ੍ਰਾਰਥਨਾ ਪੱਤਰ ਭੇਜ ਸਕਦੇ ਹਨ। ਸ਼ਗਨ ਸਕੀਮ ਅਧੀਨ ਜੋ ਲੜਕੀ ਖੁਦ ਕੰਮ ਕਰਦੀ ਹੋਵੇ (ਵਰਕਰ ਹੋਵੇ) ਉਸ ਨੂੰ ਵੀ ਇਸ ਸਕੀਮ ਦਾ ਲਾਭ ਦਿੱਤਾ ਜਾਵੇਗਾ।

ਇਸ ਸਕੀਮ ਅਧੀਨ ਕੇਵਲ 2 ਲੜਕੀਆਂ ਦੀ ਸ਼ਾਦੀ ਦੇ ਮੌਕੇ 'ਤੇ ਇੱਕ ਵਾਰ ਹੀ ਸ਼ਗਨ ਸਕੀਮ ਲਾਗੂ ਹੋਵੇਗੀ ਨਾ ਕਿ ਤਲਾਕ ਆਦਿ ਹੋ ਜਾਣ 'ਤੇ ਦੁਬਾਰਾ ਸ਼ਾਦੀ ਕਰਨ 'ਤੇ।

ਕਿਰਤੀ ਆਪਣੀ ਲੜਕੀ ਦੀ ਸ਼ਾਦੀ ਦੀ ਨਿਸ਼ਚਿਤ ਤਰੀਕ ਤੋਂ ਬਾਅਦ 6 ਮਹੀਨੇ ਦੇ ਅੰਦਰ-ਅੰਦਰ ਦਰਖਾਸ਼ਤ ਦੇ ਸਕਦਾ ਹੈ। ਜੇਕਰ ਕਿਰਤੀ ਨੂੰ ਇਸ ਸਕਮ ਅਧੀਨ ਰਾਜ ਸਰਕਾਰ ਜਾਂ ਕਿਸੇ ਹੋਰ ਸੰਸਥਾ ਵੱਲੋਂ ਕੋਈ ਅਜਿਹੀ ਵਿੱਤੀ ਸਹਾਇਤਾ ਲੈ ਰਿਹਾ



ਹੈ ਤਾਂ ਉਹ ਵੀ ਇਸ ਸਕੀਮ ਅਧੀਨ ਲਾਭ ਪ੍ਰਾਪਤ ਕਰਨ ਦਾ ਹੱਕਦਾਰ ਹੋਵੇਗਾ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਅੱਗੇ ਦੱਸਿਆ ਕਿ ਸ਼ਗਨ ਸਕੀਮ ਦੀ ਇਹ ਰਾਸ਼ੀ ਲੜਕੀ ਦੇ ਬੈਂਕ ਖਾਤੇ ਵਿੱਚ ਭੇਜੀ ਜਾਵੇਗੀ। ਉਨ੍ਹਾਂ ਕਿਹਾ ਕਿ ਲੜਕੀ ਦੀ ਉਮਰ 18 ਸਾਲ ਜਾਂ ਇਸ ਤੋਂ ਵੱਧ ਹੋਣੀ ਚਾਹੀਦੀ ਹੈ। ਲੜਕੀ ਦੀ ਉਮਰ ਸਬੰਧੀ ਸਬੂਤ ਵਜੋਂ ਸਕੂਲ ਸਰਟੀਫਿਕੇਟ, ਜਨਮ ਸਰਟੀਫਿਕੇਟ, ਅਧਾਰ ਕਾਰਡ ਜਾਂ ਡਰਾਇਵਿੰਗ ਲਾਇਸੈਂਸ ਦੀ ਕਾਪੀ ਬਿਨੈਪੱਤਰ ਨਾਲ ਲਗਾਈ ਜਾ ਸਕਦੀ ਹੈ। ਬਿਨੈਪੱਤਰ ਦੇ ਨਾਲ ਰਜਿਸਟਰਡ ਮੈਰਿਜ ਸਰਟੀਫਿਕੇਟ ਵੀ ਲਗਾਇਆ ਜਾਵੇ। ਬਿਨੈਪੱਤਰ ਕਰਨ ਸਮੇਂ ਕਿਰਤੀ ਦੀ ਤਨਖਾਹ ਦੀ ਕੋਈ ਸੀਮਾ ਨਹੀਂ ਹੈ। ਉਨ੍ਹਾਂ ਦੱਸਿਆ ਕਿ ਕਿਰਤੀ ਚਾਹੇ ਤਾਂ 20,000 ਰੁਪਏ ਦੀ ਰਾਸ਼ੀ ਵਿਆਹ ਸਬੰਧੀ ਪਿੰਡ ਦੇ ਸਰਪੰਚ ਜਾਂ ਸ਼ਹਿਰ ਦੇ ਐੱਮ.ਸੀ. ਪਾਸੋਂ ਅਟੈਸਟਿਡ ਸਵੈ ਘੋਸ਼ਣਾ ਪੱਤਰ ਲਗਾ ਕੇ ਵਿਆਹ ਦੀ ਤਰੀਕ ਤੋਂ 3 ਮਹੀਨੇ ਪਹਿਲਾਂ ਐਡਵਾਂਸ ਲੈ ਸਕਦਾ ਹੈ ਅਤੇ 11,000 ਰੁਪਏ ਦੀ ਰਾਸ਼ੀ ਵਿਆਹ ਹੋਣ ਉਪਰੰਤ 6 ਮਹੀਨਿਆਂ ਦੇ ਵਿੱਚ-ਵਿੱਚ ਮੈਰਿਜ ਰਜਿਸਟ੍ਰੇਸ਼ਨ ਸਰਟੀਫਿਕੇਸ਼ਨ ਲਗਾ ਕੇ ਅਪਲਾਈ ਕਰ ਸਕਦਾ ਹੈ। ਡਿਪਟੀ ਕਮਿਸ਼ਨਰ ਨੇ ਰਜਿਸਟਰਡ ਉਦਯੋਗਿਕ ਕਿਰਤੀਆਂ ਨੂੰ ਇਸ ਸ਼ਗਨ ਸਕੀਮ ਦਾ ਲਾਭ ਉਠਾਉਣ ਦੀ ਅਪੀਲ ਕੀਤੀ ਹੈ।

# ਧਾਰਮਿਕ ਪ੍ਰੀਖਿਆ ਵਿੱਚੋਂ ਬਾਬਾ ਸ੍ਰੀ ਚੰਦ ਖਾਲਸਾ ਕਾਲਜ ਫਾਰ ਵੂਮੈਨ ਗਾਹਲੜੀ ਦੀਆਂ 28 ਵਿਦਿਆਰਥਣਾਂ ਨੇ ਵਜੀਫੇ ਪ੍ਰਾਪਤ ਕੀਤੇ



**ਦੋਰਾਂਗਲਾ (ਰਾਕੇਸ਼ ਜੀਵਨ ਚੱਕ)** ਬਾਬਾ ਸ੍ਰੀ ਚੰਦ ਖਾਲਸਾ ਕਾਲਜ ਫਾਰ ਵੂਮੈਨ ਗਾਹਲੜੀ ਵਿੱਖੇ ਪਿਛਲੇ ਸਾਲ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਲਈ ਗਈ ਧਾਰਮਿਕ ਪ੍ਰੀਖਿਆ ਵਿਚੋਂ ਕਾਲਜ ਦੀਆਂ 28 ਵਿਦਿਆਰਥਣਾਂ ਨੇ ਵਜੀਫੇ ਪ੍ਰਾਪਤ ਕਰਕੇ ਸਕੂਲ ਅਤੇ ਇਲਾਕੇ ਦਾ ਮਾਣ ਵਧਾਇਆ । ਸ੍ਰੋਮਣੀ ਗੁ ਪ੍ਰ ਕਮੇਟੀ ਵਲੋਂ 60 ਪ੍ਰਤੀਸਤ ਤੋਂ ਵੱਧ ਨੰਬਰ ਪ੍ਰਾਪਤ ਕਰਨ ਵਾਲੀਆਂ ਕਾਲਜ ਦੀਆਂ 25 ਵਿਦਿਆਰਥਣਾਂ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ । ਕਾਲਜ ਕੋਆਰਡੀਨੇਟਰ ਮੈਡਮ ਸ੍ਰੀਮਤੀ ਹਰਦੀਪ ਕੌਰ ਨੇ ਵਿਦਿਆਰਥਣਾਂ ਨੂੰ ਵੱਧ ਤੋਂ ਵੱਧ ਮਿਹਨਤ ਕਰਕੇ ਹੋਰ ਵਜੀਫੇ ਪ੍ਰਾਪਤ ਕਰਨ ਲਈ ਪ੍ਰੇਰਿਤ ਕੀਤਾ । ਇਸ ਮੌਕੇ ਪ੍ਰਚਾਰਕ ਬਲਬੀਰ ਸਿੰਘ ਅਤੇ ਪ੍ਰਚਾਰਕ ਲਖਵਿੰਦਰ ਸਿੰਘ ਗੁਰਦੁਆਰਾ ਬੁਰਜ ਸਾਹਿਬ ਅਤੇ ਕਾਲਜ ਦਾ ਸਮੂਹ ਸਟਾਫ ਹਾਜਰ ਸੀ ।

SHAHEED BABA NIHAL SINGH CHARITABLE HOSPITAL
Near Gurudwara Talhan, VPO-Talhan, Distt. Jalandhar, Ph. 0181-2770808
FACILITIES AVAILABLE
Ambulance Service 24hrs.
I.C.C.U. (Intensive Cardiac Care Unit), Indoor Facies Ultrasound Scan, Gyane & Obstetrical Operations, Surgierles, Neonatal ICU (Incubator Phototherapy) Well Equipped Laboratory, Nebulizer for Asthma Patients, Ortho & Spine Surgeon, Special Clinic for Skin & V.D., SIDS & HIV Patients, ECG, Dental Facilites, Eye Operations
Free Medicine for 9am to 5pm

www.lokbani.com
Email : Lokbani08@gmail.com

# ਜ਼ਿਲ੍ਹਾ ਗੁਰਦਾਸਪੁਰ ਦੀਆਂ ਅਦਾਲਤਾਂ ਵਿੱਚ 13 ਮਈ ਨੂੰ ਲੱਗੇਗੀ ਕੌਮੀ ਲੋਕ ਅਦਾਲਤ - ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਰਜਿੰਦਰ ਅਗਰਵਾਲ

## ਲੋਕ ਅਦਾਲਤ ਰਾਹੀਂ ਕੇਸਾਂ ਦਾ ਫੈਸਲਾ ਕਰਵਾ ਕੇ ਸਮੇਂ ਤੇ ਪੈਸੇ ਦੀ ਕੀਤੀ ਜਾ ਸਕਦੀ ਹੈ ਬਚਤ

**ਗੁਰਦਾਸਪੁਰ (ਨਵਨੀਤ ਕੁਮਾਰ)** ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ, ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੀਆਂ ਹਦਾਇਤਾਂ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ਵਿੱਚ ਅਗਲੀ ਕੌਮੀ ਲੋਕ ਅਦਾਲਤ 13 ਮਈ 2023 ਨੂੰ ਲਗਾਈ ਜਾਵੇਗੀ। ਰਾਸ਼ਟਰੀ ਲੋਕ ਅਦਾਲਤ ਦੀਆਂ ਤਿਆਰੀਆਂ ਸਬੰਧੀ ਸ੍ਰੀ ਰਜਿੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਵੱਲੋਂ ਅੱਜ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ ਜਿਸ ਵਿੱਚ ਵਧੀਕ ਡਿਪਟੀ ਕਮਿਸ਼ਨਰ (ਜ) ਡਾ. ਨਿਧੀ ਕੁਮੁਦ ਬਾਮਬਾ, ਮੈਡਮ ਨਵਦੀਪ ਕੌਰ ਗਿੱਲ, ਸਿਵਲ ਜੱਜ (ਸੀਨੀਅਰ ਡਵੀਜ਼ਨ)/ਸੀ.ਜੇ.ਐੱਮ-ਕਮ-ਸਕੱਤਰ, ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਗੁਰਦਾਸਪੁਰ, ਜ਼ਿਲਾ ਅਟਾਰਨੀ ਏ.ਐੱਸ ਸੰਧੂ, ਪੁਲਿਸ ਜ਼ਿਲਾ ਬਟਾਲਾ ਦੇ ਐੱਸ.ਪੀ. ਸ. ਜਗਵਿੰਦਰ ਸਿੰਘ ਸੰਧੂ, ਡੀ.ਐੱਸ.ਪੀ. ਗੁਰਦਾਸਪੁਰ ਸ. ਸੁਖਪਾਲ ਸਿੰਘ, ਸਮਾਜ ਸੇਵੀ ਸ੍ਰੀਮਤੀ ਨੀਲਮ ਮਹੰਤ, ਸ੍ਰੀਮਤੀ ਸੁਰਿੰਦਰ ਕੌਰ ਪੰਨੂ, ਬਾਰ ਐਸੋਸੀਏਸ਼ਨ ਦੇ ਵਾਈਸ ਪ੍ਰਧਾਨ ਐਡਵੋਕੇਟ ਸ੍ਰੀ ਸੁਸ਼ੀਲ ਸ਼ਰਮਾ, ਜਨਰਲ ਸਕੱਤਰ ਸ. ਗੁਰਸ਼ਰਨਪ੍ਰੀਤ ਸਿੰਘ ਵਾਹਲਾ, ਸਮਾਜ ਸੇਵੀ ਜਗਰੂਪ ਸਿੰਘ ਸਮੇਤ ਹੋਰ ਮੈਂਬਰ ਵੀ ਹਾਜ਼ਰ ਸਨ। 13 ਮਈ ਨੂੰ ਲੱਗਣ ਵਾਲੀ ਕੌਮੀ ਲੋਕ ਅਦਾਲਤ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਰਜਿੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ 138 ਐੱਨ.ਆਈ. ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਬਿਜਲੀ, ਪਾਣੀ, ਅਤੇ ਕਮੇਟੀ ਘਰ ਦੇ ਹੋਰ ਕੇਸ ਜਿਵੇਂ ਕਿ ਸੀਵਰੇਜ਼, ਵਾਟਰ ਸਪਲਾਈ, ਹਾਊਸ ਟੈਕਸ, ਸਾਇਟ ਪਲੈਨ ਆਦਿ, ਸਾਰੇ ਤਰਾਂ ਦੇ ਸਿਵਲ ਕੇਸ, ਛੋਟੇ ਘੱਟ ਸਜ਼ਾ ਵਾਲੇ ਅਪਰਾਧ, ਵਿਆਹੁਤਾ ਝਗੜੇ, ਐਮ.ਏ.ਸੀ.ਟੀ. (ਮੋਟਰ ਐਕਸੀਡੈਂਟ) ਦੇ ਕੇਸ, ਇੰਸ਼ੋਰੈਂਸ ਕਲੇਮ ਦੇ ਕੇਸਾਂ ਦਾ ਵੀ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਜੇਕਰ ਕੋਈ ਵਿਅਕਤੀ ਆਪਣੇ ਝਗੜੇ ਦਾ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਇਸ ਰਾਸ਼ਟਰੀ ਲੋਕ ਅਦਾਲਤ ਜ਼ਰੀਏ ਹੱਲ ਕਰਨਾ ਚਾਹੁੰਦਾ ਹੈ ਤਾਂ ਉਹ ਆਪਣੀ ਅਰਜ਼ੀ ਆਪਣੇ ਸਬੰਧਤ ਕੋਰਟ ਵਿੱਚ ਜਾਂ ਸਕੱਤਰ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਦੇ ਦਫ਼ਤਰ ਵਿਖੇ ਦੇ ਸਕਦਾ ਹੈ। ਉਨਾਂ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਹੱਲ ਕੀਤੇ ਜਾਂਦੇ ਮੁਕੱਦਮਿਆਂ ਦੀ ਅੱਗੇ ਕਿਸੇ ਵੀ ਅਦਾਲਤ ਵਿੱਚ ਅਪੀਲ ਨਹੀਂ ਕੀਤੀ ਜਾ ਸਕਦੀ ਅਤੇ ਲੋਕ ਅਦਾਲਤ ਰਾਹੀਂ ਹੱਲ ਕੀਤੇ ਗਏ ਮਾਮਲੇ ਦਾ ਫੈਸਲਾ ਅੰਤਿਮ ਹੁੰਦਾ ਹੈ। ਜ਼ਿਲ੍ਹਾ ਤੇ ਸੈਸ਼ਨ ਜੱਜ ਨੇ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਆਪਣੇ ਮੁਕੱਦਮੇ ਹੱਲ ਕਰਵਾਉਣ ਲਈ ਜਿਥੇ ਲੋਕਾਂ ਦੇ ਪੈਸੇ ਦੀ ਬਚਤ ਹੁੰਦੀ ਹੈ ਉਥੇ ਦੋਹਾਂ ਧਿਰਾਂ ਵਿੱਚ ਪ੍ਰੇਮ ਪਿਆਰ ਵੀ ਬਣਿਆ ਰਹਿੰਦਾ ਹੈ ਅਤੇ ਕੋਈ ਵੀ ਧਿਰ ਆਪਣੇ ਆਪ ਨੂੰ ਜਿੱਤੀ ਜਾਂ ਹਾਰੀ ਮਹਿਸੂਸ ਨਹੀਂ ਕਰਦੀ। ਜੇਕਰ ਲੋਕ ਅਦਾਲਤ ਵਿੱਚ ਕੇਸ ਦਾ ਫੈਸਲਾ ਹੋ ਜਾਂਦਾ ਹੈ ਤਾਂ ਇਸ ਕੇਸ ਵਿੱਚ ਲੱਗੀ ਕੋਰਟ ਫੀਸ ਵਾਪਿਸ ਹੋ ਜਾਂਦੀ ਹੈ। ਉਨਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਆਪਣੇ ਕੇਸਾਂ ਦਾ ਇਸ ਕੌਮੀ ਲੋਕ ਅਦਾਲਤ ਵਿੱਚ ਫੈਸਲਾ ਕਰਵਾ ਕੇ ਵੱਧ ਤੋਂ ਵੱਧ ਲਾਭ ਉਠਾਉਣ। ਮੀਟਿੰਗ ਦੌਰਾਨ ਜ਼ਿਲ੍ਹਾ ਤੇ ਸੈਸ਼ਨ ਜੱਜ ਸ੍ਰੀ ਅਗਰਵਾਲ ਨੇ ਜ਼ਿਲਾ ਪ੍ਰਸ਼ਾਸਨ ਨੂੰ ਕਿਹਾ ਕਿ ਉਹ ਮਾਲ ਵਿਭਾਗ ਨਾਲ ਸਬੰਧਤ ਜ਼ਮੀਨਾਂ/ਜਾਇਦਾਦਾਂ ਦੇ ਵੱਧ ਤੋਂ ਵੱਧ ਕੇਸਾਂ ਨੂੰ ਲੋਕ ਅਦਾਲਤ ਜਰੀਏ ਹੱਲ ਕਰਨ। ਇਸ ਮੌਕੇ ਜ਼ਿਲਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਲੋੜਵੰਦਾਂ ਨੂੰ ਦਿੱਤੀਆਂ ਜਾ ਰਹੀਆਂ ਮੁਫ਼ਤ ਕਾਨੂੰਨੀ ਸੇਵਾਵਾਂ ਬਾਰੇ ਵੀ ਚਰਚਾ ਕੀਤੀ ਗਈ ਅਤੇ ਇਸ ਗੱਲ ਉੱਪਰ ਜ਼ੋਰ ਦਿੱਤਾ ਗਿਆ ਕਿ ਮੁਫ਼ਤ ਕਾਨੂੰਨੀ ਸੇਵਾਵਾਂ ਅਤੇ ਪੰਜਾਬ ਵਿਕਟਮ ਕੰਪਨਸੇਸ਼ਨ ਸਕੀਮ-2017 ਤਹਿਤ ਐਕਸੀਡੈਂਟ ਕੇਸਾਂ ਵਿੱਚ ਦਿੱਤੇ ਜਾਂਦੇ ਮੁਆਵਜੇ ਬਾਰੇ ਆਮ ਲੋਕਾਂ ਨੂੰ ਜਾਣੂ ਕਰਵਾਇਆ ਜਾਵੇ।




# ਲਿਮਕਾ ਬੁੱਕ ਆਫ਼ ਰਿਕਾਰਡ ਵਿੱਚ ਆਪਣਾ ਨਾਮ ਦਰਜ ਕਰਵਾਉਣ ਵਾਲੇ ਅੰਮ੍ਰਿਤਬੀਰ ਸਿੰਘ ਨੂੰ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ

- ਅੰਮ੍ਰਿਤਬੀਰ ਸਿੰਘ ਨੇ ਇੱਕ ਮਿੰਟ ਵਿੱਚ 52 ਸੁਪਰਮੈਨ ਪੁਸ਼ਅਪ ਕਰਕੇ ਰਿਕਾਰਡ ਬਣਾਇਆ
- ਡਿਪਟੀ ਕਮਿਸ਼ਨਰ ਨੇ ਨੌਜਵਾਨ ਅੰਮ੍ਰਿਤਬੀਰ ਸਿੰਘ ਨੂੰ ਜ਼ਿਲ੍ਹੇ ਦਾ ਯੂਥ ਆਇਕਾਨ ਨਿਯੁਕਤ ਕੀਤਾ



**ਗੁਰਦਾਸਪੁਰ (ਨਵਨੀਤ ਕੁਮਾਰ)** ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਉਮਰਾਵਾਲ ਦੇ 20 ਸਾਲਾ ਨੌਜਵਾਨ ਅੰਮ੍ਰਿਤਬੀਰ ਸਿੰਘ ਨੇ ਇੱਕ ਮਿੰਟ ਵਿੱਚ 52 ਸੁਪਰਮੈਨ ਪੁਸ਼ਅਪ ਕਰਕੇ ਲਿਮਕਾ ਬੁੱਕ ਆਫ਼ ਰਿਕਾਰਡ ਵਿੱਚ ਆਪਣਾ ਨਾਮ ਦਰਜ ਕਰਵਾ ਕੇ ਆਪਣੇ ਪਿੰਡ, ਜ਼ਿਲ੍ਹੇ ਅਤੇ ਸੂਬੇ ਦਾ ਨਾਮ ਰੌਸ਼ਨ ਕੀਤਾ ਹੈ। ਅੰਮ੍ਰਿਤਬੀਰ ਸਿੰਘ ਇਸ ਤੋਂ ਪਹਿਲਾਂ ਉਂਗਲਾਂ ਦੇ ਸਹਾਰੇ ਇੱਕ ਮਿੰਟ ਵਿੱਚ 45 ਪੁਸ਼ਅਪ ਲਗਾ ਕੇ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡ ਵਿੱਚ ਵੀ ਆਪਣਾ ਰਿਕਾਰਡ ਦਰਜ਼ ਕਰਾ ਚੁੱਕਾ ਹੈ। ਨੌਜਵਾਨਾਂ ਲਈ ਪ੍ਰੇਰਨਾ ਸ੍ਰੋਤ ਬਣੇ ਇਸ ਨੌਜਵਾਨ ਅੰਮ੍ਰਿਤਬੀਰ ਸਿੰਘ ਨੂੰ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਅੱਜ ਆਪਣੇ ਦਫ਼ਤਰ ਵਿੱਚ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਅਤੇ ਨਾਲ ਹੀ ਇਸ ਮਾਣਮੱਤੀ ਪ੍ਰਾਪਤੀ ਲਈ ਉਸਨੂੰ ਮੁਬਾਰਕਬਾਦ ਦਿੱਤੀ ਗਈ। ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਵੱਲੋਂ ਅੰਮ੍ਰਿਤਬੀਰ ਸਿੰਘ ਨੂੰ ਜ਼ਿਲ੍ਹੇ ਦਾ ਯੂਥ ਆਇਕਾਨ ਨਿਯੁਕਤ ਕਰਦਿਆਂ ਕਿਹਾ ਕਿ ਅੰਮ੍ਰਿਤਬੀਰ ਸਿੰਘ ਬਾਕੀ ਨੌਜਵਾਨਾਂ ਲਈ ਵੀ ਪ੍ਰੇਰਨਾ ਸ੍ਰੋਤ ਬਣੇਗਾ। ਉਨ੍ਹਾਂ ਕਿਹਾ ਕਿ ਅੰਮ੍ਰਿਤਬੀਰ ਸਿੰਘ ਨੇ ਆਪਣੀ ਫਿਟਨੈਸ ਨਾਲ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦੇ ਗੱਭਰੂ ਅੱਜ ਵੀ ਕਿਸੇ ਤੋਂ ਘੱਟ ਨਹੀਂ ਹਨ। ਉਨ੍ਹਾਂ ਕਿਹਾ ਕਿ ਅੰਮ੍ਰਿਤਬੀਰ ਸਿੰਘ ਤੋਂ ਪ੍ਰੇਰਨਾ ਲੈ ਕੇ ਹੋਰ ਨੌਜਵਾਨ ਵੀ ਆਪਣੀ ਸਿਹਤ ਵੱਲ ਧਿਆਨ ਦੇ ਕੇ ਸਿਹਤਮੰਦ, ਰੰਗਲਾ ਤੇ ਖੁਸ਼ਹਾਲ ਪੰਜਾਬ ਸਿਰਜਣ ਵਿੱਚ ਆਪਣਾ ਯੋਗਦਾਨ ਪਾਉਣਗੇ। ਉਨ੍ਹਾਂ ਨੇ ਅੰਮ੍ਰਿਤਬੀਰ ਸਿੰਘ ਦੇ ਰੌਸ਼ਨ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਆਪਣੇ ਬਾਰੇ ਜਾਣਕਾਰੀ ਦਿੰਦਿਆਂ ਅੰਮ੍ਰਿਤਬੀਰ ਸਿੰਘ ਨੇ ਦੱਸਿਆ ਕਿ ਉਸਦਾ ਪਿੰਡ ਉਮਰਵਾਲਾ, ਡੇਰਾ ਬਾਬਾ ਨਾਨਕ-ਬਟਾਲਾ ਰੋਡ 'ਤੇ ਸਥਿਤ ਹੈ ਅਤੇ ਇਸ ਸਮੇਂ ਉਹ ਖ਼ਾਲਸਾ ਕਾਲਜ ਅਮ੍ਰਿਤਸਰ ਵਿਖੇ ਬੀ.ਏ. ਭਾਗ ਤੀਸਰਾ ਦਾ ਵਿਦਿਆਰਥੀ ਹੈ। ਅੰਮ੍ਰਿਤਬੀਰ ਸਿੰਘ ਦੱਸਦਾ ਹੈ ਕਿ ਉਸਨੇ 12ਵੀਂ ਜਮਾਤ ਵਿੱਚ ਪੜ੍ਹਦਿਆਂ ਉਸਨੇ ਆਪਣੀ ਫਿਟਨੈਸ ਉੱਪਰ ਧਿਆਨ ਦੇਣਾ ਸ਼ੁਰੂ ਕਰ ਦਿੱਤਾ ਸੀ। ਉਸਨੇ ਕਦੀ ਵੀ ਜਿੰਮ ਜੁਆਇੰਨ ਨਹੀਂ ਕੀਤਾ ਅਤੇ ਉਹ ਆਪਣੇ ਘਰ ਹੀ ਡੰਡ-ਬੈਠਕਾਂ ਮਾਰ ਕੇ ਅਭਿਆਸ ਕਰਦਾ ਹੈ। ਇਸ ਲਈ ਉਸਦੇ ਪਿਤਾ ਸ. ਨਿਸ਼ਾਨ ਸਿੰਘ ਅਤੇ ਮਾਤਾ ਸ੍ਰੀਮਤੀ ਸਿਮਰਜੀਤ ਕੌਰ ਨੇ ਵੀ ਉਸਨੂੰ ਪੂਰਾ ਉਤਸ਼ਾਹਤ ਕਰਦੇ ਹਨ। ਅੰਮ੍ਰਿਤਬੀਰ ਸਿੰਘ ਨੇ ਦੱਸਿਆ ਕਿ ਪਿਛਲੇ ਸਾਲ ਉਸਨੇ ਉਂਗਲਾਂ ਦੇ ਸਹਾਰੇ ਇੱਕ ਮਿੰਟ ਵਿੱਚ 45 ਪੁਸ਼ਅਪ ਕਰਕੇ ਗਿੰਨੀਜ਼ ਬੁੱਕ ਆਫ ਵਰਲਡ ਰਿਕਾਰਡ ਬਣਾਇਆ ਸੀ। ਇਸਤੋਂ ਬਾਅਦ ਉਸਨੇ ਇੱਕ ਮਿੰਟ ਵਿੱਚ 52 ਸੁਪਰਮੈਨ ਪੁਸ਼ਅਪ ਕਰਕੇ ਲਿਮਕਾ ਬੁੱਕ ਆਫ ਰਿਕਾਡਰਸ ਵਿੱਚ ਆਪਣਾ ਨਾਮ ਦਰਜ ਕਰਵਾਇਆ ਹੈ। ਸੋਸ਼ਲ ਮੀਡੀਆ ਉਪਰ ਵੀ ਅੰਮ੍ਰਿਤਬੀਰ ਸਿੰਘ ਨੂੰ ਪਸੰਦ ਕਰਨ ਵਾਲਿਆਂ ਦੀ ਗਿਣਤੀ ਲੱਖਾਂ ਵਿੱਚ ਹੈ ਅਤੇ ਉਹ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚ ਕੇ ਆਪਣੀ ਸਿਹਤ ਬਣਾਉਣ ਵੱਲ ਧਿਆਨ ਦੇਣ ਲਈ ਪ੍ਰੇਰਿਤ ਕਰ ਰਿਹਾ ਹੈ। ਉਸਨੇ ਕਿਹਾ ਕਿ ਉਹ ਜ਼ਿਲ੍ਹਾ ਗੁਰਦਾਸਪੁਰ ਦਾ ਯੂਥ ਆਈਕਨ ਬਣਕੇ ਨੌਜਵਾਨਾਂ ਨੂੰ ਆਪਣੀ ਸਿਹਤ ਵੱਲ ਧਿਆਨ ਦੇਣ ਲਈ ਹੋਰ ਵੀ ਪ੍ਰੇਰਿਤ ਕਰੇਗਾ। ਇਸ ਮੌਕੇ ਉਸ ਨੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦਾ ਇਸ ਹੱਲਾਸ਼ੇਰੀ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

# ਜ਼ਿਲ੍ਹਾ ਹਸਪਤਾਲ ਗੁਰਦਾਸਪੁਰ ਵਿਖੇ ਹੁਣ ਰਾਤ ਨੂੰ ਅਤੇ ਛੁੱਟੀ ਵਾਲੇ ਦਿਨ ਵੀ ਮਰੀਜ਼ਾਂ ਨੂੰ ਮਿਲੇਗੀ ਸੀਟੀ ਦੀ ਸਹੂਲਤ : ਚੇਅਰਮੈਨ ਰਮਨ ਬਹਿਲ



**ਗੁਰਦਾਸਪੁਰ (ਨਵਨੀਤ ਕੁਮਾਰ)** ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਦੇ ਯਤਨਾ ਸਦਕਾ ਹੁਣ ਜ਼ਿਲ੍ਹਾ ਹਸਪਤਾਲ ਬਬਰੀ (ਗੁਰਦਾਸਪੁਰ) ਵਿਖੇ ਰਾਤ ਦੇ ਸਮੇ ਅਤੇ ਛੁੱਟੀ ਵਾਲੇ ਦਿਨ ਵੀ ਸੀਟੀ ਸਕੈਨ ਟੈਸਟਾਂ ਦੀ ਸਹੂਲੀਅਤ ਮੁਹੱਈਆ ਕਰਵਾ ਦਿਤੀ ਗਈ ਹੈ। ਇਸ ਬਾਰੇ ਜਾਣਕਾਰੀ ਦਿੰਦਿਆਂ ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਰਾਤ ਸਮੇਂ ਅਤੇ ਛੁੱਟੀ ਵਾਲੇ ਦਿਨ ਵੀ ਸੀਟੀ ਸਕੈਨ ਦੀ ਸਹੂਲਤ ਜ਼ਿਲ੍ਹਾ ਹਸਪਤਾਲ ਵਿੱਚ ਮਿਲਣ ਨਾਲ ਮਰੀਜ਼ਾਂ ਨੂੰ ਵੱਡਾ ਲਾਭ ਮਿਲੇਗਾ। ਉਨ੍ਹਾਂ ਕਿਹਾ ਕਿ ਇਸਦੇ ਨਾਲ ਹੀ ਜ਼ਿਲ੍ਹਾ ਹਸਪਤਾਲ ਵਿੱਚ ਹੁਣ 2 ਡੀ ਸਕੈਨ ਤੋ ਇਲਾਵਾ 3 ਡੀ ਸੀਟੀ ਸਕੈਨ ਵੀ ਸ਼ੁਰੂ ਕਰਵਾ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲ ਵਿੱਚ ਹੁੰਦੇ ਸੀਟੀ ਸਕੈਨ ਟੈਸਟ ਬਜ਼ਾਰ ਨਾਲੋਂ ਬਹੁਤ ਹੀ ਘੱਟ ਰੇਟਾਂ 'ਤੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਸੀਟੀ ਸਕੈਨ ਬਿਨਾ ਕਾਂਟਰਾਸਟ ਸਿਰਫ 485 ਰੁਪਏ ਵਿਚ ਕੀਤਾ ਜਾ ਰਿਹਾ ਹੈ। ਸੀਟੀ ਹੈਡ ਵਿਧ ਐਂਜ਼ੀਓਗ੍ਰਾਫੀ 693 ਰੁਪਏ ਅਤੇ ਸੀਟੀ ਸਕੈਨ ਬਿਨਾ ਕਾਂਟਰਾਸਟ 510 ਰੁਪਏ ਵਿਚ ਉਪਲਬਧ ਹੈ। ਉਨ੍ਹਾਂ ਦੱਸਿਆ ਕਿ ਇਹ ਟੈਸਟ ਕ੍ਰਸ਼ਨਾ ਡਾਇਗਨੋਸਟਿਕ ਨਾਲ ਕਰਾਰ ਕਰਕੇ ਕਰਵਾਏ ਜਾ ਰਹੇ ਹਨ, ਜਦਕਿ ਬਜ਼ਾਰ ਵਿਚ ਇਹ ਟੈਸਟ ਕਾਫੀ ਮਹਿੰਗੇ ਹਨ। ਇਸ ਦੇ ਨਾਲ ਹੀ ਦਿਲ ਦੇ ਰੋਗਾਂ ਨੂੰ ਛੱਡ ਕੇ ਬਾਕੀ ਸਾਰੀ ਤਰਾਂ ਦੀ ਐਂਜ਼ੀਓਗ੍ਰਾਫੀ ਹੁਣ ਸਿਵਲ ਹਸਪਤਾਲ ਵਿਖੇ ਉਪਲੱਬਧ ਹਨ। ਸ੍ਰੀ ਰਮਨ ਬਹਿਲ ਨੇ ਕਿਹਾ ਕਿ ਜ਼ਿਲ੍ਹਾ ਹਸਪਤਾਲ ਵਿਖੇ ਆਉਣ ਵਾਲੇ ਮਰੀਜਾਂ ਨੂੰ ਪਹਿਲਾਂ ਸੀਟੀ ਸਕੈਨ ਲਈ ਪ੍ਰਾਈਵੇਟ ਸੈਂਟਰਾਂ ਵਿਚ ਜਾਣਾ ਪੈਂਦਾ ਸੀ, ਹੁਣ ਸੀਟੀ ਸਕੈਨ ਇਥੇ ਹੀ ਹੋ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਮਰੀਜ਼ਾਂ ਦੀ ਸਹੂਲਤ ਲਈ ਭਵਿੱਖ ਵਿੱਚ ਅਜਿਹੇ ਹੋਰ ਵੀ ਉਪਰਾਲੇ ਕੀਤੇ



# ਆਪਣੀਆਂ ਮੰਗਾਂ ਮਨਾਉਣ ਲਈ ਜਲੰਧਰ ਵਿਖੇ 28 ਅਪ੍ਰੈਲ ਨੂੰ ਪੋਲ ਖੋਲ੍ਹ ਰੈਲੀ ਕਰਨਗੀਆਂ ਆਸਾ ਤੇ ਫੈਸੀਲੀਟੇਟਰਜ ਵਰਕਰਾਂ

**ਗੁਰਦਾਸਪੁਰ (ਨਵਨੀਤ ਕੁਮਾਰ)** ਡੈਮੋਕ੍ਰੇਟਿਕ ਆਸਾ ਵਰਕਰ ਤੇ ਫੈਸੀਲੀਟੇਟਰਜ ਯੂਨੀਅਨ ਪੰਜਾਬ ਦੇ ਸੱਦੇ ਤੇ ਗੁਰਦਾਸਪੁਰ ਇਕਾਈ ਵੱਲੋਂ ਬਲਵਿੰਦਰ ਕੌਰ ਅਲੀ ਸ਼ੇਰ, ਜ਼ਿਲ੍ਹਾ ਪ੍ਰਧਾਨ, ਮੀਤ ਪ੍ਰਧਾਨ ਕਾਂਤਾ ਦੇਵੀ

**ਸਿਵਲ ਸਰਜਨ ਗੁਰਦਾਸਪੁਰ ਰਾਹੀਂ ਭੇਜਿਆ ਮੰਗ ਪੱਤਰ।**

ਭੁੱਲਰ ਮੀਤ ਪ੍ਰਧਾਨ, ਮੀਰਾਂ ਕਾਹਨੂੰਵਾਨ ਦੀ ਅਗਵਾਈ ਹੇਠ ਸਿਵਲ ਸਰਜਨ ਗੁਰਦਾਸਪੁਰ ਦੇ ਰਾਹੀਂ ਸਿਹਤ ਮੰਤਰੀ ਪੰਜਾਬ ਨੂੰ ਮੰਗ ਪੱਤਰ ਭੇਜ ਕੇ 28 ਅਪ੍ਰੈਲ ਨੂੰ ਜਲੰਧਰ ਵਿਖੇ ਰੈਲੀ ਕਰਕੇ ਸਰਕਾਰ ਦੀ ਪੋਲ ਖੋਲ੍ਹਣ ਦਾ ਐਲਾਨ ਕੀਤਾ ਹੈ।। ਜਾਣਕਾਰੀ ਦਿੰਦਿਆਂ ਜਥੇਬੰਦੀ ਦੀ ਸੱਕਤਰ ਜਰਨਲ ਗੁਰਵਿੰਦਰ ਕੌਰ ਬਹਿਰਾਮਪੁਰ, ਜਥੇਬੰਦਕ ਸਕੱਤਰ ਅੰਚਲ ਮੱਟੂ ਬਟਾਲਾ ਨੇ ਦੱਸਿਆ ਪਿਛਲੀਆਂ ਚੋਣਾਂ ਮੌਕੇ ਆਮ ਆਦਮੀ ਪਾਰਟੀ ਵੱਲੋਂ ਵਰਕਰਾਂ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਨੂੰ ਮਿਲਦੇ ਭੱਤਿਆਂ ਵਿਚ ਦੁਗਣਾ ਵਾਧਾ ਕੀਤਾ ਜਾਵੇਗਾ । ਘੱਟੋ ਘੱਟ ਉਜਰਤ ਕਾਨੂੰਨ ਵਿੱਚ ਵਾਧਾ ਕਰਕੇ ਹਰ ਇਕ ਆਸਾ ਵਰਕਰ ਨੂੰ 18000 ਰੁਪਏ ਅਤੇ ਆਸ਼ਾ ਫੈਸੀਲੀਟੇਟਰਜ ਨੂੰ ਆਂਗਣਵਾੜੀ ਸੁਪਰਵਾਈਜ਼ਰ



ਬਰਾਬਰ ਤਨਖਾਹ ਦੇਣ, ਮ੍ਰਿਤਕ ਵਰਕਰ ਦੇ ਪਰਿਵਾਰਕ ਮੈਂਬਰਾਂ ਨੂੰ ਐਕਸਗਰੇਸੀਆ ਭੱਤਾ ਦੇਣ ਦੀ ਮੰਗ ਕੀਤੀ ਹੈ। ਵਰਕਰਾਂ ਨੂੰ ਨਿਯਮਾਂ ਅਨੁਸਾਰ ਪ੍ਰਸੂਤਾ ਛੁੱਟੀ ਦਿੱਤੀ ਜਾਵੇ। ਉਨ੍ਹਾਂ ਮੰਗ ਕੀਤੀ ਹੈ ਕਿ ਆਊਟ ਡੋਰ ਅਤੇ ਇਨ ਡੋਰ ਇਲਾਜ ਮੁਫ਼ਤ ਕੀਤਾ ਜਾਵੇ। ਆਸ਼ਾ ਵਰਕਰਾਂ ਤੇ ਫੈਸੀਲੀਟੇਟਰਜ ਨੂੰ ਵਰਦੀਆਂ ਤੇ ਮੋਬਾਈਲ ਫੋਨ ਭੱਤਾ ਦਿੱਤਾ ਜਾਵੇ। ਇਸੇ ਦੌਰਾਨ ਜਥੇਬੰਦੀ ਦੇ ਆਗੂਆਂ ਪਰਮਜੀਤ ਕੌਰ, ਕੰਵਲਜੀਤ ਕੌਰ ਕਾਹਨੂੰਵਾਨ, ਜਸਵਿੰਦਰ ਕੌਰ ਨੇ ਦੱਸਿਆ ਕਿ ਭੈਣੀ ਮੀਆਂ ਖਾਂ ਪ੍ਰਾਇਮਰੀ ਹੈਲਥ ਸੈਂਟਰ ਵਿਚ ਗਰਭਵਤੀ ਔਰਤਾਂ ਦੀ ਜਨਨੀ ਸੁਰੱਖਿਆ ਯੋਜਨਾ ਤਹਿਤ ਡਿਲੀਵਰੀ ਘੱਟ ਹੋਣ ਦਾ ਭਾਂਡਾ ਆਸਾ ਵਰਕਰਾਂ ਸਿਰ ਭੰਨਿਆ ਜਾ ਰਿਹਾ ਹੈ। ਜਦੋਂ ਇਥੇ ਕੋਈ ਸਹੂਲਤਾਂ ਨਾ ਹੋਣ ਕਰਕੇ ਜੱਚਾ ਬੱਚਾ ਸੁਰਖਿਅਤ ਨਹੀਂ ਹਨ। ਸਟਾਫ ਦੀ ਘਾਟ ਕਾਰਨ ਸਿਹਤ ਸਹੂਲਤਾਂ ਪ੍ਰਭਾਵਿਤ ਹੋ ਰਹੀਆਂ ਹਨ। ਜਥੇਬੰਦੀ ਮੁੱਖ ਸਲਾਹਕਾਰ ਅਮਰਜੀਤ ਸ਼ਾਸਤਰੀ ਨੇ ਦੱਸਿਆ ਕਿ 28 ਅਪ੍ਰੈਲ ਦੀ ਰੈਲੀ ਨੂੰ ਕਾਮਯਾਬ ਕਰਨ ਲਈ ਬਲਾਕ ਪੱਧਰ ਤੇ ਬੱਸਾਂ ਚਲਾਉਣ ਦਾ ਫੈਸਲਾ ਕੀਤਾ ਹੈ ਅਤੇ ਇਸ ਦੀ ਤਿਆਰੀ ਲਈ ਬਲਾਕ ਪੱਧਰ ਤੇ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਵਿੰਦਰ ਕੌਰ ਨੌਸ਼ਹਿਰਾ ਮੱਝਾ ਸਿੰਘ, ਵੀਨਾ ਕੁਮਾਰੀ ਬਹਿਰਾਮਪੁਰ, ਸਮਾਂ ਦੁਰਾਂਗਲਾ ਨੇ ਆਪਣੇ ਵਿਚਾਰ ਸਾਂਝੇ ਕੀਤੇ।

# ਭਗਵਾਨ ਸ਼੍ਰੀ ਪਰਸ਼ੂਰਾਮ ਮੰਦਿਰ ਅਤੇ ਧਰਮਸ਼ਾਲਾ ਵਿਖੇ ਭਗਵਾਨ ਸ਼੍ਰੀ ਪਰਸ਼ੁਰਾਮ ਜਨਮਉਤਸਵ ਸਮਾਰੋਹ 22 ਅਪ੍ਰੈਲ ਨੂੰ ਮਨਾਇਆ ਜਾਂ ਰਿਹਾ ਜਿਸਦੀ ਤਿਆਰੀਆਂ ਨੂੰ ਲੈਕੇ ਮੰਦਿਰ ਦੇ ਅਹੁਦੇਦਾਰਾਂ ਨੇ ਇਕ ਬੈਠਕ ਕੀਤੀ

**ਮੋਹਾਲੀ ( ਰੀਤੀਸ਼ ਕੁਮਾਰ)** ਸ਼੍ਰੀ ਬ੍ਰਾਹਮਣ ਸਭਾ ਰਜੀ: 484-1982 ਅਤੇ ਭਗਵਾਨ ਸ਼੍ਰੀ ਪਰਸ਼ੂਰਾਮ ਮੰਦਿਰ ਤੇ ਧਰਮਸ਼ਾਲਾ ਅਤੇ ਸ਼ਨੀ ਧਾਮ ਮੰਦਿਰ, ਫੇਸ 9 ਇੰਡਸਟਰੀਅਲ ਏਰੀਆ ਵਿਖੇ 22 ਅਪ੍ਰੈਲ ਨੂੰ ਭਗਵਾਨ ਪਰਸ਼ੂਰਾਮ ਜਨਮਉਤਸਵ ਬੜੇ ਹੀ ਧੂਮਧਾਮ ਅਤੇ ਸ਼ਰਧਾ ਭਾਵਨਾ ਨਾਲ ਮਨਾਇਆ ਜਾਏਗਾ . ਇਸ ਸਮਾਰੋਹ ਬਾਰੇ ਜਾਣਕਾਰੀ ਦਿੰਦੇ ਸ਼੍ਰੀ ਬ੍ਰਾਹਮਣ ਸਭਾ,ਮੰਦਿਰ ਦੇ ਪ੍ਰਧਾਨ ਰਿਟਾਇਰਡ ਐਸ.ਪੀ. ਵੀ ਕੇ ਵੈਦ ਅਤੇ ਉਹਨ੍ਹਾਂ ਦੀ ਪੂਰੀ ਟੀਮ ਨੇ ਦਸਿਆ ਕੇ ਭਗਵਾਨ ਸ਼੍ਰੀ ਪਰਸ਼ੂਰਾਮ ਜਨਮਉਤਸਵ ਨੂੰ ਲੈਕੇ ਮੰਦਿਰ ਕਮੇਟੀ ਅਹੁਦੇਦਾਰਾਂ ਨਾਲ ਬੈਠਕ ਕੀਤੀ ਜਿਸ ਵਿੱਚ ਸਭ ਅਹੁਦੇਦਾਰਾਂ ਦੀਆਂ ਡਿਊਟੀਆਂ ਅਤੇ ਜ਼ਿੰਮੇਵਾਰੀਆਂ ਬਾਰੇ ਦਸਿਆ ਗਿਆ . ਉਹਨ੍ਹਾਂ ਨੇ ਦਸਿਆ ਕਿ ਹਰ ਵਾਰ ਦੀ ਤਰਾਹ ਇਸ ਵਾਰ ਵੀ ਮੰਦਿਰ ਵਿੱਚ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦਾ ਜਨਮਉਤਸਵ ਬੜੇ ਸ਼ਾਨਦਾਰ ਅਤੇ ਅਦਭੁਤ ਤਰੀਕੇ ਨਾਲ ਮਨਾਇਆ ਜਾ ਰਿਹਾ ਹੈ . ਮੰਦਿਰ ਪ੍ਰਧਾਨ ਨੇ ਦਸਿਆ ਕੇ ਮੰਦਿਰ ਵਿੱਚ ਬਹੁਤ ਵੱਡੇ ਪੱਧਰ ਤੇ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਹੈ ਜਿਸ ਵਿੱਚ ਕਈ ਗਨਮਾਨ ਵਿਅਕਤੀਆਂ ਵਲੋਂ ਹਾਜ਼ਰੀ ਲਗਾਈ ਜਾਵੇਗੀ ਜਿਹਨਾਂ ਨੂੰ ਮੰਦਿਰ ਦੇ ਪ੍ਰੋਗਰਾਮ 'ਚ ਆਣ ਲਈ ਸਦਾਪੱਤਰ ਭੇਜਿਆ ਜਾਂ ਚੁਕਿਆ ਹੈ . ਉਹਨ੍ਹਾਂ ਨੇ ਦਸਿਆ ਕੇ 22 ਅਪ੍ਰੈਲ ਦਿਨ ਸ਼ਨੀਵਾਰ ਨੂੰ ਅਕਸ਼ੈ ਤ੍ਰਿਤਿਆ ਹੈ ਅਤੇ ਇਸ ਦਿਨ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦਾ ਜਨਮਉਤਸਵ ਹੈ ਅਤੇ ਜਿਸਦੇ ਚੱਲਦੇ ਮੰਦਿਰ ਵਿੱਚ ਸਵੇਰੇ 9 ਵਜੇ ਤੋਂ 10 ਵਜੇ ਤਕ ਹਵਨ ਹੋਵੇਗਾ ਅਤੇ 10 ਤੋਂ 12 ਵਜੇ ਤਕ ਮਹਿਲਾ ਮੰਡਲ ਵਲੋਂ ਸੰਕੀਰਤਨ ਕੀਤਾ ਜਾਵੇਗਾ . ਉਹਨ੍ਹਾਂ ਨੇ ਦਸਿਆ ਕੇ ਦੁਪਹਿਰ 1 ਵਜੇ ਦੇ ਕਰੀਬ ਗਨਮਾਨ ਵਿਅਕਤੀਆਂ ਨੂੰ ਮੁਖਮਹਿਮਾਨਾਂ ਦੇ ਨਾਲ ਸਨਮਾਨਿਤ ਕੀਤਾ ਜਾਵੇਗਾ . ਉਸਤੋਂ ਬਾਅਦ 1.30 ਵਜੇ ਤੋਂ ਲੈਕੇ ਮੰਦਿਰ ਵਿੱਚ ਪਹੁੰਚੇ ਸ਼ਰਧਾਲੂਆਂ ਲਈ ਅਟੁਟ ਲੰਗਰ ਵਰਤਾਇਆ ਜਾਵੇਗਾ . ਉਹਨ੍ਹਾਂ ਨੇ ਦਸਿਆ ਕੇ ਸ਼੍ਰੀ ਬ੍ਰਾਹਮਣ ਸਭਾ,ਮੰਦਿਰ ਕਮੇਟੀ ਦੇ ਸਭ ਅਹੁਦੇਦਾਰਾਂ ਅਤੇ ਮਹਿਲਾ ਮੰਡਲ ਵਲੋਂ ਟਰੀਸਿਟੀ, ਮੋਹਾਲੀ ਦੇ ਸਭ ਸ਼ਰਧਾਲੂਆਂ ਨੂੰ ਅਪੀਲ ਕੀਤੀ ਜਾਂ ਰਹੀ ਕੇ ਜਿਆਦਾ ਤੋਂ ਜਿਆਦਾ ਲੋਕ, ਸ਼ਰਧਾਲੂ ਭਾਰੀ ਤਾਦਾਦ ਵਿੱਚ ਪਹੁੰਚਕੇ ਭਗਵਾਨ ਸ਼੍ਰੀ ਪਰਸ਼ੂਰਾਮ ਜੀ ਦਾ ਅਸ਼ੀਰਵਾਦ ਗ੍ਰਹਿਣ ਕਰਨ . ਉਹਨ੍ਹਾਂ ਨੇ ਦਸਿਆ ਕੇ ਮੰਦਿਰ ਵਿੱਚ ਇਸ ਸਮਾਰੋਹ ਦੇ ਦੌਰਾਨ ਭੰਡਾਰੇ ਦਾ ਆਯੋਜਨ ਮੰਦਿਰ ਤੇ ਸਮਾਜ ਸੇਵੀ ਪ੍ਰਦੀਪ ਸ਼ਰਮਾ ਅਤੇ ਨਵੱਲ ਕਿਸ਼ੋਰ ਸ਼ਰਮਾ ਵਲੋਂ ਕੀਤਾ ਜਾ ਰਿਹਾ ਹੈ ।

## ਜ਼ਿਲ੍ਹਾ ਮੈਜਿਸਟ੍ਰੇਟ ਵਲੋਂ "ਨੋ ਫਲਾਇੰਗ ਜ਼ੋਨ" ਦਾ ਐਲਾਨ

# ਹਵਾਬਾਜ਼ੀ/ ਡਿਫੈਂਸ ਵਿਭਾਗ ਵੱਲੋਂ ਪ੍ਰਵਾਨਿਤ ਉਡਾਣਾਂ 'ਤੇ ਲਾਗੂ ਨਹੀਂ ਹੋਵੇਗਾ ਹੁਕਮ

**ਐਸ ਏ ਐਸ ਨਗਰ ( ਰੀਤੀਸ਼ ਕੁਮਾਰ)** ਜ਼ਿਲ੍ਹਾ ਮੈਜਿਸਟ੍ਰੇਟ-ਕਮ-ਡਿਪਟੀ ਕਮਿਸ਼ਨਰ ਸ੍ਰੀਮਤੀ ਆਸ਼ਿਕਾ ਜੈਨ ਨੇ ਫੌਜ਼ਦਾਰੀ ਜ਼ਾਬਤਾ ਸੰਘਤਾ, 1973 (1974 ਦਾ ਐਕਟ ਨੰਬਰ-2) ਦੀ ਧਾਰਾ 144 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦਿਆਂ ਸੁਰੱਖਿਆ ਅਤੇ ਅਮਨ ਕਾਨੂੰਨ ਸਥਿਤੀ ਦੇ ਮੱਦੇਨਜ਼ਰ ਐਸ.ਬੀ.ਐਸ, ਅੰਤਰਰਾਸ਼ਟਰੀ ਏਅਰਪੋਰਟ, ਐਸ.ਏ.ਐਸ.ਨਗਰ ਅਤੇ ਇਸ ਦੇ



ਨਾਲ ਲੱਗਦੇ 05 ਕਿਲੋਮੀਟਰ ਘੇਰੇ ਦੇ (ਰੇਡੀਅਸ) ਏਰੀਏ ਨੂੰ ਨੋ-ਡਰੋਨ ਅਤੇ ਨੋ ਫਲਾਈ ਜ਼ੋਨ ਘੋਸ਼ਿਤ ਕਰਦਿਆਂ ਕਿਸੇ ਵੀ ਕਿਸਮ ਦੇ ਫਲਾਇੰਗ ਆਬਜੈਕਟ ਨੂੰ ਉਡਾਉਣ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ। ਹੁਕਮ ਜਾਰੀ ਕਰਦਿਆਂ ਜ਼ਿਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਇਸ ਏਰੀਆ ਵਿੱਚ ਕੋਈ ਵੀ ਕਿਸੇ ਕਿਸਮ ਦੇ ਫਲਾਇੰਗ ਆਬਜੈਕਟ ਦੇ ਉਡਾਣ 'ਤੇ ਪੂਰਨ ਤੌਰ 'ਤੇ ਪਾਬੰਦੀ ਹੋਵੇਗੀ ਅਤੇ ਇਹ ਹੁਕਮ ਹਵਾਬਾਜੀ/ ਡਿਫੈਂਸ ਵਿਭਾਗ ਵੱਲੋਂ ਪ੍ਰਵਾਨਿਤ ਉਡਾਣਾਂ 'ਤੇ ਲਾਗੂ ਨਹੀਂ ਹੋਵੇਗਾ। ਇਹ ਹੁਕਮ 18 ਤੋਂ 21 ਅਪ੍ਰੈਲ ਤੱਕ ਲਾਗੂ ਰਹਿਣਗੇ।

# ਸ੍ਰੀ ਬਰਫ਼ਾਨੀ ਹਰ ਹਰ ਮਹਾਦੇਵ ਸੇਵਾ ਦਲ ਬੁਢਲਾਡਾ ਜਿਲਾ ਮਾਨਸਾ ਵੱਲੋਂ 9ਵਾਂ ਵਿਸ਼ਾਲ ਭੰਡਾਰਾ ਲਗਾਇਆ ਜਾਵੇਗਾ



**ਮੋਹਾਲੀ ( ਰੀਤੀਸ਼ ਕੁਮਾਰ)** ਸ੍ਰੀ ਬਰਫ਼ਾਨੀ ਹਰ ਹਰ ਮਹਾਦੇਵ ਸੇਵਾ ਦਲ ਬੁਢਲਾਡਾ ਜਿਲਾ ਮਾਨਸਾ ਵੱਲੋਂ 9ਵਾਂ ਵਿਸ਼ਾਲ ਭੰਡਾਰਾ ਸੋਨ ਪਰਿਆਗ ਕਾਰ ਪਾਰਕਿੰਗ ਜਿਲਾ ਰੁਧਰ ਪਰਿਆਗ ਉਤਰਾ ਖੰਡ ਵਿਖੇ ਲਗਾਇਆ ਜਾ ਰਿਹਾ ਹੈ। ਜਿਸ ਵਿੱਚ ਦੋ ਟਰੱਕ ਦੇਹਰਾਦੂਨ, ਇੱਕ ਟਰੱਕ ਦਿੱਲੀ ਤੇ ਚਾਰ ਟਰੱਕ ਜੀਰਕ ਪੁਰ ਮੋਹਾਲੀ ਤੋਂ ਰਾਸ਼ਨ ਦੇ ਭੇਜੇ ਜਾ ਰਹੇ ਹਨ। ਰਾਸ਼ਟਰੀ ਪ੍ਰਧਾਨ ਜਨਕ ਰਾਜ ਬਾਂਸਲ ਤੇ ਟਰਾਈ ਸਿਟੀ ਪ੍ਰਧਾਨ ਤੇ ਨੈਸ਼ਨਲ ਸਲਾਹਕਾਰ ਸੰਦੀਪ ਬਾਂਸਲ ਵੱਲੋਂ ਦਾਨੀ ਸੱਜਣਾ ਦੇ ਸਹਿਯੋਗ ਨਾਲ ਪ੍ਰਬੰਧ ਕੀਤਾ ਗਿਆ ਹੈ। ਜਿਸ ਵਿੱਚ ਮਾਇਆ ਗਾਰਡਨ ਗਰੁਪ ਤੋਂ ਸਤੀਸ਼ ਜਿੰਦਲ ਜੀ ਜੀਰਕ ਪੁਰ, ਅੰਬੇਰਾ ਗਰੁਪ ਤੋਂ ਸੰਜੇ ਗੋਇਲ ਲੁਧਿਆਣਾ ਤੋਂ ਮਹੇਸ਼ ਮਿਤਲ, ਰਜੇਸ਼ ਜਿੰਦਲ, ਜਗਦੀਸ਼ ਗਰਗ, ਬਰਜੇਸ ਗਰਗ ਤੇ ਜੁਗਲ ਸਿੰਗਲਾ ਵੱਲੋਂ ਭਾਰੀ ਸਹਿਯੋਗ ਦਿੱਤਾ ਗਿਆ। ਇਹ ਲੰਗਰ 25 ਅਪ੍ਰੈਲ ਤੋਂ ਸੂਰੂ ਹੋਵੇਗਾ ਤੇ ਪ੍ਰਭੂ ਇਸਾ ਤੱਕ ਚੱਲਦਾ ਰਹੇਗਾ। ਇੱਥੇ 400-500 ਤੱਕ ਯਾਤਰੀਆਂ ਦੇ ਰਹਿਣ ਦਾ ਪ੍ਰਬੰਧ ਵੀ ਕੀਤਾ ਗਿਆ ਹੈ। ਬਾਂਸਲ ਨੇ ਕਿਹਾ ਕਿ ਇਹ ਕਿਧਾਰ ਨਾਥ ਚਾਰ ਧਾਮ ਦੀ ਯਾਤਰਾ ਨਾਲ ਸਬੰਧਤ ਹੈ। ਜਿੱਥੇ 22 ਅਪ੍ਰੈਲ ਤੋਂ 6.30 ਵਜੇ ਗੁੰਬਰ ਖੁਲਣਗੇ ਇਹ ਯਾਤਰਾ 6 ਮਹੀਨੇ ਚੱਲਦੀ ਹੈ ਤੇ 6 ਮਹੀਨੇ ਬੰਦ ਰਹਿੰਦੀ ਹੈ। ਬਾਂਸਲ ਨੇ ਕਿਹਾ ਕਿ ਇਹ ਜਗਾ 400 ਸਾਲ ਤੱਕ ਬਰਫ਼ ਨਾਲ ਢੱਕੀ ਰਹੀ ਜਿੱਥੇ ਭੋਲ਼ੇ ਨਾਥ ਜੀ ਬਿਰਾਜਮਾਨ ਹਨ। ਇਸ ਸਬੰਧੀ ਸੇਵਾਦਾਰ ਬਲਵਿੰਦਰ ਸਿੰਘ ਕੁੰਬੜਾ ਨੇ ਕਿਹਾ ਕਿ ਸਹਿਯੋਗ ਦੇਣ ਵਾਲੇ ਦਾਨੀ ਸੱਜਣਾ ਨੂੰ ਸਨਮਾਨਿਤ ਕੀਤਾ ਗਿਆ। ਜਿਨਾਂ ਨੇ ਤਨ ਮਨ ਤੇ ਧੰਨ ਨਾਲ ਸਹਿਯੋਗ ਦਿੱਤਾ। ਭੋਲ਼ੇ ਨਾਥ ਉਹਨਾਂ ਦੀਆਂ ਸਭ ਮਨੋਕਾਮਨਾ ਪੂਰੀਆਂ ਕਰਨਗੇ।

# ਸੰਵੇਦਨਸ਼ੀਲਤਾ ਨਾਲ ਭਰਪੂਰ ਕਵਿਤਾਵਾਂ ਦਾ ਸੰਗ੍ਰਹਿ ਕਾਠ ਹੋਤਾ ਆਦਮੀ


**ਚੰਡੀਗੜ੍ਹ (ਅਮੁਲਿਆ)** ਡਾ: ਗੀਤਾ ਡੋਗਰਾ ਦੇ ਨਿਵਾਸ ਸਥਾਨ ਜਲੰਧਰ ਤੇ ਸੀਨੀਅਰ ਸਾਹਿਤਕਾਰ ਪ੍ਰੇਮ ਵਿਚਾਰ ਦੇ ਨਵੇਂ ਪ੍ਰਕਾਸ਼ਿਤ ਕਾਵਿ ਸੰਗ੍ਰਹਿ 'ਕਾਠ ਹੋਤਾ ਆਦਮੀ' ਬਾਰੇ ਵਿਚਾਰ ਚਰਚਾ ਕੀਤੀ ਗਈ . ਲਾਜਪਤ ਰਾਏ ਗਰਗ ਨੇ ਕਾਵਿ ਸੰਗ੍ਰਹਿ 'ਤੇ ਫਾਰਮ ਪੜ੍ਹਦਿਆਂ ਕਿਹਾ ਕਿ ਕਵਿਤਾਵਾਂ ਵਿੱਚ ਜੀਵਨ ਨੂੰ ਨੇੜਿਓਂ ਦੇਖਣ ਦੇ ਅਨੁਭਵਾਂ ਦਾ ਪ੍ਰਗਟਾਵਾ ਹੁੰਦਾ ਹੈ। ਕਵੀ ਦੀਆਂ ਭਾਵਨਾਵਾਂ ਅਤੇ ਵਿਚਾਰ ਸਿੱਧੇ ਦਿਲ ਤੱਕ ਜਾਂਦੇ ਹਨ। ਪ੍ਰੇਮ ਵਿਜ ਨੇ ਆਪਣੀਆਂ ਕੁਝ ਕਵਿਤਾਵਾਂ ਸੁਣਾ ਕੇ ਸਾਰਿਆਂ ਦਾ ਮਨ ਮੋਹ ਲਿਆ। ਪੁਸਤਕ ਬਾਰੇ ਬੋਲਦਿਆਂ ਸਾਹਿਤਕਾਰ ਗੀਤਾ ਡੋਗਰਾ ਨੇ ਕਿਹਾ ਕਿ ਕਾਵਿ



ਸੰਗ੍ਰਹਿ ਵਿਚਲੀਆਂ ਕਵਿਤਾਵਾਂ ਆਮ ਆਦਮੀ ਦੇ ਦਰਦ ਨੂੰ ਮਹਿਸੂਸ ਕਰਦੀਆਂ ਹਨ। ਸਾਹਿਤਕਾਰ ਤਰਸੇਮ ਗੁਜਰਾਲ ਨੇ ਕਿਹਾ ਕਿ ਆਮ ਆਦਮੀ ਦੇ ਸੰਘਰਸ਼ ਦੀ ਗਾਥਾ ਹੈ ਜੋ ਇਸ ਕਾਵਿ ਸੰਗ੍ਰਹਿ ਵਿੱਚ ਖੂਬਸੂਰਤ ਨਜ਼ਰ ਆਉਂਦੀ ਹੈ। ਨਾਵਲਕਾਰ ਡਾ: ਅਜੈ ਸ਼ਰਮਾ ਨੇ ਕਿਹਾ ਕਿ ਕਾਵਿ ਸੰਗ੍ਰਹਿ ਵਿਚ ਆਮ ਆਦਮੀ ਦਾ ਦਰਦ ਇਸ ਤਰ੍ਹਾਂ ਘੁਲਿਆ ਹੋਇਆ ਹੈ ਕਿ ਪੜ੍ਹਦਿਆਂ ਹੀ ਵਿਅਕਤੀ ਮਹਿਸੂਸ ਕਰਨ ਲੱਗਦਾ ਹੈ . ਡਾ: ਵਿਨੋਦ ਸ਼ਰਮਾ ਦਾ ਮੰਨਣਾ ਹੈ ਕਿ ਇਸ ਵਿਚ ਮਨੁੱਖ ਦਾ ਦਰਦ ਝਲਕਦਾ ਹੈ, ਇਸ ਦੇ ਨਾਲ-ਨਾਲ ਭਾਸ਼ਾ ਇੰਨੀ ਲਾਜਵਾਬ ਹੈ ਕਿ ਕਵਿਤਾਵਾਂ ਮਨਮੋਹਕ ਹੋ ਜਾਂਦੀਆਂ ਹਨ।

www.lokbani.com
Email : Lokbani08@gmail.com

# ਆਬਕਾਰੀ ਨੀਤੀ ਮਾਮਲਾ: 26 ਅਪ੍ਰੈਲ ਨੂੰ ਆਵੇਗਾ ਮਨੀਸ਼ ਸਿਸੋਦੀਆ ਦੀ ਜ਼ਮਾਨਤ 'ਤੇ ਫੈਸਲਾ



**ਨਵੀਂ ਦਿੱਲੀ।** ਸ਼ਰਾਬ ਨੀਤੀ ਮਾਮਲੇ 'ਚ ਜੇਲ 'ਚ ਬੰਦ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਖਿਲਾਫ ਈਡੀ ਮਾਮਲੇ 'ਚ ਜ਼ਮਾਨਤ 'ਤੇ ਸੁਣਵਾਈ ਹੋਈ। ਹਾਲਾਂਕਿ ਅਦਾਲਤ ਨੇ ਫੈਸਲਾ ਸੁਰੱਖਿਅਤ ਰੱਖ ਲਿਆ ਹੈ। ਹੁਣ ਅਦਾਲਤ 26 ਅਪ੍ਰੈਲ ਨੂੰ ਸ਼ਾਮ 4 ਵਜੇ ਆਪਣਾ ਫੈਸਲਾ ਸੁਣਾਏਗੀ। ਇਸ ਤੋਂ ਪਹਿਲਾਂ 24 ਅਪ੍ਰੈਲ ਨੂੰ ਦਿੱਲੀ ਦੀ ਅਦਾਲਤ 'ਚ ਈਡੀ ਦੀ ਸਪਲੀਮੈਂਟਰੀ ਚਾਰਜਸ਼ੀਟ 'ਤੇ ਵੀ ਬਹਿਸ ਹੋਵੇਗੀ। ਈਡੀ ਮਾਮਲੇ ਵਿਚ ਮਨੀਸ਼ ਸਿਸੋਦੀਆ ਦੀ ਜ਼ਮਾਨਤ ਦੀ ਸੁਣਵਾਈ ਹੇਠਲੀ ਅਦਾਲਤ ਵਿਚ ਪਹਿਲਾਂ ਹੀ ਹੋ ਚੁੱਕੀ ਹੈ। ਇਸ ਦੌਰਾਨ ਸੁਣਵਾਈ 18 ਅਪ੍ਰੈਲ ਨੂੰ ਤੈਅ ਕੀਤੀ ਗਈ ਸੀ। ਈਡੀ ਨੇ 17 ਅਪ੍ਰੈਲ ਨੂੰ ਅਦਾਲਤ ਨੂੰ ਦੱਸਿਆ ਹੈ ਕਿ ਉਹ ਅਪ੍ਰੈਲ ਦੇ ਅੰਤ ਤੱਕ ਮਨੀਸ਼ ਸਿਸੋਦੀਆ, ਅਮਨਦੀਪ ਸਿੰਘ ਢੱਲ ਅਤੇ ਅਰੁਣ ਰਾਮਚੰਦਰ ਪਿੱਲੈ ਦੇ ਖਿਲਾਫ ਅਗਲੀ ਚਾਰਜਸ਼ੀਟ ਵੀ ਦਾਇਰ ਕਰਨ ਜਾ ਰਹੀ ਹੈ।

# ਅਵੈਧ ਵਸੂਲੀ ਨੂੰ ਲੈਕੇ ਮੰਡੀ ਵਾਈਸ ਪ੍ਰਧਾਨ ਨੇ ਕਿਹਾ ਧੱਕਾ ਨਹੀਂ ਹੋਵੇਗਾ ਬਰਦਾਸ਼ਤ:ਰਿਸ਼ੂ

**ਲੁਧਿਆਣਾ (ਸੁਖਚੈਨ ਮਹਿਰਾ)** ਸਬਜ਼ੀ ਮੰਡੀ ਵਿੱਚ ਪਾਰਕਿੰਗ ਕਰਿੰਦਿਆਂ ਵੱਲੋਂ ਰੇਹੜੀ ਫੜੀ ਵਾਲਿਆਂ ਤੋਂ ਅਵੈਧ ਵਸੂਲੀ ਕੀਤੀ ਜਾ ਰਹੀ ਹੈ।ਜਿੱਥੇ ਇਨ੍ਹਾਂ ਪਾਸੋਂ ਰੋਜਾਨਾ100ਰੁਪਏ ਤੋਂ ਵੱਧ ਵਸੂਲੇ ਜ਼ਾ ਰਹੇ ਹਨ।ਉੱਥੇ ਹੀ ਇਨ੍ਹਾਂ ਨੂੰ ਵੱਖ ਪਰਚੀ ਵਹੀਕਲ ਦੀ ਦਿੱਤੀ ਜਾ ਰਹੀ ਹੈ।ਪਾਰਕਿੰਗ ਕਰਿੰਦੇ ਇੱਥੇ ਹੀ ਨਹੀਂ ਰੁੱਕਦੇ ਘਰ ਵਿੱਚ ਸਬਜ਼ੀ ਲਿਜਾਉਣ ਵਾਲੇ ਸਕੂਟਰ,ਮੋਟਰਸਾਈਕਲ ਅਤੇ ਸਾਈਕਲ ਵਾਲਿਆਂ ਤੋਂ ਵੀ ਵਸੂਲੀ ਕੀਤੀ ਜਾ ਰਹੀ ਹੈ।ਇਸੇ ਨਾਲ ਮੰਡੀ ਵਿੱਚ ਪਾਰਕਿੰਗ ਠੇਕੇਦਾਰ ਵੱਲੋਂ ਬਾਹਰ ਰੇਟ ਲਿਸਟ ਦਾ ਕੋਈ ਬੋਰਡ ਨਹੀਂ ਲਗਾਇਆ ਗਿਆ।ਜਿਸ ਪਾਸੇ ਕਿਸੇ ਅਧਿਕਾਰੀ ਦਾ ਧਿਆਨ ਨਹੀਂ ਜਾਂਦਾ।ਮੱਧ ਵਰਗ ਵਿਅਕਤੀ ਘਰ ਲਈ ਸਬਜ਼ੀ ਖਰੀਦਣ ਮੰਡੀ ਅੰਦਰ ਦਾਖਲ ਹੁੰਦਾ ਹੈ।ਤਾਂ ਵਾਪਸੀ ਸਮੇਂ ਉਸਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ।ਕਰਿੰਦਿਆਂ ਵੱਲੋਂ ਇਨ੍ਹਾਂ ਪ੍ਰੇਸ਼ਾਨ ਕੀਤਾ ਜਾਂਦਾ ਹੈ।ਕਿ ਉਸਨੂੰ ਐਂਟਰੀ ਫੀਸ ਦੇਣੀ ਪੈਂਦੀ ਹੈ।ਇੱਕ ਗੱਲ ਦੇਖਣ ਨੂੰ ਆਈ ਜਦੋਂ ਬਾਹਰ ਇੱਕ ਫੜੀ ਵਾਲੇ ਨੂੰ ਕਰਿੰਦਿਆਂ ਵੱਲੋਂ100ਰੁਪਏ ਪਰਚੀ ਦੇਣ ਮਗਰੋਂ 40ਰੁਪਏ ਦੀ ਇੱਕ ਹੋਰ ਪਰਚੀ ਦਿੱਤੀ ਗਈ।ਇੱਥੇ ਦੇਖਣ ਨੂੰ ਮਿਲਿਆ ਕਰਿੰਦੇ ਵੱਲੋਂ ਫੜੀ ਵਾਲੇ ਨੂੰ ਥ੍ਰੀਵਹਿਲਰ ਦੀ ਪਰਚੀ ਦਿੱਤੀ ਗਈ।ਬਿਆਨ:ਜਦੋਂ ਇਸ ਬਾਰੇ ਮੰਡੀ ਦੇ ਵਾਈਸ ਪ੍ਰਧਾਨ ਰਿਸ਼ੂ ਅਰੋੜਾ ਨਾਲ ਗੱਲਬਾਤ ਕਰਦਿਆਂ ਪੁੱਛਿਆ ਤਾਂ ਉਹਨਾਂ ਕਿਹਾ ਮੰਡੀ ਵਿੱਚ 100ਰੁਪਏ ਪਰਚੀ ਦੇਣ ਮਗਰੋਂ 40ਰੁਪਏ ਦੀ ਪਰਚੀ ਥ੍ਰੀਵਹਿਲਰ ਦੀ ਦੇਣਾ ਸਮਝ ਤੋਂ ਪਰੇ ਹੈ।ਰਿਸ਼ੂ ਨੇ ਕਿਹਾ ਕਿਸੇ ਨਾਲ ਧੱਕਾ ਬਰਦਾਸ਼ਤ ਨਹੀਂ ਕੀਤਾ ਜਾਏਗਾ।ਇਸ ਸੰਬੰਧੀ ਮਾਰਕੀਟ ਸੈਕਟਰੀ ਨਾਲ ਫੋਨ ਤੇ ਗੱਲਬਾਤ ਕੀਤੀ ਗਈ ਹੈ।ਉਨ੍ਹਾਂ ਕਿਹਾ ਹੈ ਮਾਰਕੀਟ ਕਮੇਟੀ ਸੁਪਰਵਾਈਜ਼ਰਾਂ ਨੂੰ ਨੋਟਿਸ ਦਿੱਤਾ ਗਿਆ ਹੈ।ਕਿ ਮਾਰਕੀਟ ਕਮੇਟੀ ਕੁਲੈਕਸ਼ਨ ਕਰੇਗੀ।






# ਇਮਾਮਗੜ੍ਹ ਵਿਖੇ ਸਿੱਖ ਧਰਮ ਦੀ ਪਹਿਲੀ ਔਰਤ ਹੈੱਡ ਗ੍ਰੰਥੀ ਦਾ 'ਬੇਬੇ ਨਾਨਕੀ ਪੁਰਸਕਾਰ' ਨਾਲ ਸਨਮਾਨ

## ਕਾਵਿ ਸੰਗ੍ਰਹਿ 'ਲਫਜ਼ਾਂ ਦੀ ਲੋਅ' ਕੀਤਾ ਲੋਕ ਅਰਪਣ

**ਸ਼ੇਰਪੁਰ ( ਹਰਜੀਤ ਸਿੰਘ ਕਾਤਿਲ )** 'ਉਦਾਸੀਨ ਆਸ਼ਰਮ ਇਮਾਮਗੜ੍ਹ' ਵਿਖੇ ਮਹੰਤ ਹਰਪਾਲ ਦਾਸ ਜੀ ਦੀ ਰਹਿਨੁਮਾਈ ਹੇਠ ਹੋਏ ਮਹਾਨਕਾਵਿ-ਸਤਿਸੰਗ ਦੌਰਾਨ ਸਿੱਖ ਧਰਮ ਦੀ ਪਹਿਲੀ ਔਰਤ ਹੈੱਡ ਗ੍ਰੰਥੀ ਬੀਬੀ ਸੁਰਜੀਤ ਕੌਰ ਸੈਕਰਾਮੈਂਟੋ (ਯੂ.ਐਸ.ਏ ) ਨੂੰ 'ਬੇਬੇ ਨਾਨਕੀ ਪੁਰਸਕਾਰ' ਨਾਲਸਨਮਾਨਿਤ ਕੀਤਾ ਗਿਆ। ਪ੍ਰਧਾਨਗੀ ਮੰਡਲ ਵਿੱਚ ਸੁਸ਼ੋਭਿਤ ਸਖਸ਼ੀਅਤਾਂ ਸੁਖਵਿੰਦਰ ਸਿੰਘ ਫੁੱਲ , ਗੁਰਦਿਆਲ ਰੌਸ਼ਨ, ਸੰਧੂ ਵਰਿਆਣਵੀ, ਡਾ.ਗੁਰਚਰਨ ਕੌਰਕੋਚਰ, ਡਾ.ਹਰੀ ਸਿੰਘ ਜਾਚਕ, ਦਰਸ਼ਨ ਸਿੰਘ ਬੁੱਟਰ ਅਤੇ ਕਰਮ ਸਿੰਘ ਜ਼ਖ਼ਮੀ , ਪ੍ਰੀਤ ਹੀਰ ਵੱਲੋਂ ਸਾਂਝੇ ਤੌਰ 'ਤੇ ਮਹੰਤ ਹਰਪਾਲ ਦਾਸ ਜੀ ਦਾ ਦੂਸਰਾ ਕਾਵਿਸੰਗ੍ਰਹਿ 'ਲਫਜ਼ਾਂ ਦੀ ਲੋਅ' ਲੋਕ ਅਰਪਣ ਕੀਤਾ ਗਿਆ। ਪ੍ਰਸਿੱਧ ਕਹਾਣੀਕਾਰ ਜਸਵੀਰ ਰਾਣਾ ਨੇ 'ਲਫਜ਼ਾਂ ਦੀ ਲੋਅ' ਦਾ ਖੂਬਸੂਰਤ ਵਿਸ਼ਲੇਸ਼ਣ ਕਰਦਾ ਹੋਇਆਪੇਪਰ ਪੜ੍ਹ ਕੇ ਹਾਜ਼ਰੀ ਲੁਆਈ। ਡਾ. ਹਰੀ ਸਿੰਘ ਜਾਚਕ ਨੇ ਵਿਸਾਖੀ ਦੇ ਦਿਹਾੜੇ 'ਤੇ ਇੱਕ ਕਵਿਸ਼ਰੀ ਪੇਸ਼ ਕਰਕੇ ਪ੍ਰੋਗਰਾਮ ਨੂੰ ਸਿਖਰਾਂ 'ਤੇ ਪਹੁੰਚਾ ਦਿੱਤਾ। ਪ੍ਰਸਿੱਧਲੇਖਕ ਸ. ਲਖਵਿੰਦਰ ਸਿੰਘ ਲੱਖਾ ਸਲੇਮਪੁਰੀ (ਯੂ.ਕੇ) ਨੂੰ ਵੀ ਵਿਸ਼ੇਸ਼ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਉਪਰੰਤ ਹੋਏ ਵਿਸ਼ਾਲ ਕਵੀ ਦਰਬਾਰਦੌਰਾਨ ਜ਼ਮੀਲ ਅਬਦਾਲੀ, ਨਾਹਰ ਸਿੰਘ ਮੁਬਾਰਕਪੁਰੀ, ਮਨਪ੍ਰੀਤ ਉਗਰਾਹਾਂ, ਜਸਪ੍ਰੀਤ ਉਗਰਾਹਾਂ, ਜਗਦੀਸ਼ ਰਾਣਾ, ਸੁਖਦੇਵ ਸਿੰਘ ਔਲਖ, ਹਰਜੀਤ ਕਾਤਿਲ, ਪ੍ਰੋ. ਗੁਰਦੇਵ ਸਿੰਘ ਸੰਦੌੜ , ਬਲਵਿੰਦਰ ਕੌਰ ਸਰਘੀ, ਸੁਰਿੰਦਰ ਕੌਰ ਬਾੜਾ, ਦਵਿੰਦਰ ਕੌਰ ਗਿੱਲ, ਜਤਿੰਦਰ ਕੌਰ ਸੰਧੂ, ਦਿਲਸ਼ਾਦ ਜਮਾਲਪੁਰੀ, ਸੁਖਵਿੰਦਰ ਸਿੰਘਅਟਵਾਲ, ਲਖਵਿੰਦਰ ਸਿੰਘ ਮਾਸਟਰ, ਪਰਮਿੰਦਰ ਅਲਬੇਲਾ, ਭਾਗ ਸਿੰਘ ਦਰਦੀ, ਸੁਆਮੀ ਰਵਿੰਦਰ ਗੁਪਤਾ ਨੇ ਵੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਉਦਾਸੀਨ ਆਸ਼ਰਮ ਦੇ ਮੁੱਖ ਸੇਵਾਦਾਰ ਮਹੰਤ ਹਰਪਾਲ ਦਾਸ ਜੀ ਵੱਲੋਂ ਪ੍ਰਧਾਨਗੀ ਮੰਡਲ ਵਿਚ ਸ਼ਾਮਲ ਸਖਸ਼ੀਅਤਾਂ ਨੂੰ ਵਿਸ਼ੇਸ਼ ਸਨਮਾਨ ਅਤੇ ਹਾਜ਼ਰ ਕਵੀਆਂ ਨੂੰ ਵੀਖੂਬਸੂਰਤ ਸਨਮਾਨ ਨਿਸ਼ਾਨੀਆਂ ਦੇ ਕੇ ਸਨਮਾਨਿਤ ਕੀਤਾ ਗਿਆ । ਸਟੇਜ਼ ਸੰਚਾਲਨ ਦੀ ਜ਼ਿੰਮੇਵਾਰੀ ਅਮਨਦੀਪ ਦਰਦੀ ਨੇ ਬਾਖੂਬੀ ਨਿਭਾਈ ।





**ਮਹੰਤ ਹਰਪਾਲ ਦਾਸ ਜੀ ਦਾ ਦੂਜਾ ਕਾਵਿ ਸੰਗ੍ਰਹਿ 'ਲਫ਼ਜ਼ਾਂ ਦੀ ਲੋਅ' ਨੂੰ ਲੋਕ ਅਰਪਣ ਕਰਦੇ ਹੋਏ ਪ੍ਰਧਾਨਗੀ ਮੰਡਲ ਵਿਚ ਹਾਜ਼ਰ ਮਹਿਮਾਨ ਅਤੇਸਨਮਾਨਿਤ ਸ਼ਖਸੀਅਤਾਂ ।**

# ਸਾਹਨੇਵਾਲ ਨਗਰ ਕੌਂਸਲ ਵੱਲੋਂ ਕੂੜੇ ਤੋਂ ਤਿਆਰ ਕੀਤੀ ਖਾਦ ਦਾ ਲਗਾਇਆ ਸਟਾਲ

**ਸਾਹਨੇਵਾਲ/ ਲੁਧਿਆਣਾ( ਸੁਖਚੈਨ ਮਹਿਰਾ)** ਵਧੀਕ ਡਿਪਟੀ ਕਮਿਸ਼ਨਰ (ਯੂਡੀ) ਅਨੀਤਾ ਦਰਸ਼ੀ ਦੀਆਂ ਹਦਾਇਤਾਂ ਅਨੁਸਾਰ ਕਾਰਜ ਸਾਧਕ ਅਫਸਰ ਬਲਵੀਰ ਸਿੰਘ ਗਿੱਲ ਦੀ ਅਗਵਾਈ ਹੇਠ ਨਗਰ ਕੌਂਸਲ ਸਾਹ-ਨੇਵਾਲ ਵੱਲੋਂ ਕੂੜਾ ਕਰਕਟ ਤੋਂ ਤਿਆਰ ਕੀਤੀ ਜੈਵਿਕ ਖਾਦ ਦੀ ਸਟਾਲ ਲਗਾਕੇ ਖ਼ਾਦ ਨੂੰ ਵੇਚਣਾ ਸ਼ੁਰੂ ਕਰ ਦਿੱਤਾ ਹੈ। ਇਸ ਮੌਕੇ ਜਸਵੀਰ ਸਿੰਘ ਸੁਪਰਡੰਟ ਸੈਨੀਟੇਸ਼ਨ ਨੇ ਜਾਣਕਾਰੀ ਦਿੰਦਿਆਂ ਦੱਸਿਆਂ ਕਿ ਨਗਰ ਕੌਂਸਲ ਸਾਹਨੇਵਾਲ ਵੱਲੋਂ ਘਰਾਂ ਤੋਂ ਗਿਲਾ 'ਤੇ ਸੁੱਕਾ ਕੂੜਾ ਇਕੱਠਾ ਕਰਕੇ ਇਸ ਕੂੜੇ ਤੋਂ ਇਹ ਜੈਵਿਕ ਖਾਦ ਤਿਆਰ ਕੀਤੀ ਜਾਂਦੀ ਹੈ। ਉਨ੍ਹਾਂ ਅੱਗੇ ਦੱਸਿਆ ਇਹ ਜੈਵਿਕ ਖਾਦ ਕੋਈ ਵੀ ਵਿਅਕਤੀ ਦਫ਼ਤਰੀ ਸਮੇਂ 'ਚ ਆ ਕੇ ਖਰੀਦ ਕਰ ਸਕਦਾ ਹੈ ਜੋ ਕਿ 5 ਕਿੱਲੋ 100 ਰੁਪਏ 'ਚ ਮਿਲੇਗੀ। ਉਨ੍ਹਾਂ ਦੱਸਿਆਂ ਲੋਕ ਇਹ ਖਾਦ ਆਪਣੇ ਘਰਾਂ ਦੀਆਂ ਪਾਰਕਾਂ ਅਤੇ ਫਲਾਂ ਤੋਂ ਇਲਾਵਾ ਸਬਜ਼ੀਆਂ ਉਗਾਉਣ ਅਤੇ ਗਮ-ਲਿਆ ਵਿੱਚ ਵਰਤ ਸਕਦੇ ਹਨ। ਗਿੱਲੇ ਕੂੜੇ ਤੋਂ ਖਾਦ ਘਰ ਵਿੱਚ ਵੀ ਤਿਆਰ ਕੀਤੀ ਜਾਂ ਸਕਦੀ ਹੈ। ਇਸ ਮੌਕੇ ਜਸਵਿੰਦਰ ਸਿੰਘ ਸੈਨਟਰੀ ਇੰਸਪੈਕਟਰ, ਰਮਿੰਦਰ ਕੌਰ ਸੀਐਫ, ਲਖਵਿੰਦਰ ਸਿੰਘ,ਅਕਾਸਦੀਪ ਸਿੰਘ ਮੋਟੀਵੇਟਰ, ਬਲਵੀਰ ਸਿੰਘ ਬੀਰੀ ਆਦਿ ਹੋਰ ਸਟਾਫ ਮੌਜੂਦਾ ਸਨ।




**ਜਸਵੀਰ ਸਿੰਘ ਸੁਪਰਡੰਟ ਸੈਨੀਟੇਸ਼ਨ ਸਮੇਤ ਹੋਰ ਖ਼ਾਦ ਦਾ ਸਟਾਲ ਲਗਾਉਣ ਮੌਕੇ।**

# ਭਾਈ ਸੰਗਤ ਸਿੰਘ ਖ਼ਾਲਸਾ ਕਾਲਜ ਬੰਗਾ ਵਲੋਂ ਕਰਵਾਇਆ ਗਿਆ ਵਿੱਦਿਅਕ ਟੂਰ



**ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ਗੁਰਪ੍ਰੀਤ ਵਾਸੂ)** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਪ੍ਰਬੰਧ ਅਧੀਨ ਚੱਲ ਰਹੀ ਇਲਾਕੇ ਦੀ ਸਿਰਮੌਰ ਸੰਸਥਾ ਭਾਈ ਸੰਗਤ ਸਿੰਘ ਖ਼ਾਲਸਾ ਕਾਲਜ ਬੰਗਾ ਦੇ ਕੰਪਿਊਟਰ ਵਿਭਾਗ ਵਲੋਂ ਵਿੱਦਿਅਕ ਟੂਰ ਦਾ ਆਯੋਜਨ ਕੀਤਾ ਗਿਆ। ਪ੍ਰੋ. ਸੰਦੀਪ ਕੌਰ, ਪ੍ਰੋ. ਅੰਮ੍ਰਿਤਾ ਪਾਲੂਆ, ਪ੍ਰੋ. ਅਮਨਦੀਪ ਕੌਰ ਦੀ ਅਗਵਾਈ ਅਧੀਨ ਵਿਦਿਆਰਥੀਆਂ ਨੇ ਦੇਵੀ ਤਲਾਬ, ਹਵੇਲੀ (ਰੰਗਲਾ ਪੰਜਾਬ) ਜਲੰਧਰ, ਸਾਡਾ ਪਿੰਡ ਅੰਮ੍ਰਿਤਸਰ ਨੂੰ ਨੇੜੇ ਤੋਂ ਦੇਖਿਆ ਅਤੇ ਪੰਜਾਬੀ ਸਭਿਆਚਾਰ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਹਾਸਿਲ ਕੀਤੀ। ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਰਣਜੀਤ ਸਿੰਘ ਨੇ ਕਿਹਾ ਕਿ ਸੰਸਥਾ ਵਲੋਂ ਅਜਿਹੇ ਟੂਰ ਆਯੋਜਿਤ ਕੀਤੇ ਜਾਂਦੇ ਹਨ ਤਾਂ ਜੋ ਵਿਦਿਆਰਥੀਆਂ ਨੂੰ ਸਮੇਂ ਦੇ ਹਾਣੀ ਬਣਾਇਆ ਜਾ ਸਕੇ। ਇਸ ਮੌਕੇ ਪ੍ਰੋ. ਸੰਦੀਪ ਕੌਰ ਨੇ ਕਿਹਾ ਕਿ ਅਜੋਕੇ ਯੁੱਗ ਵਿੱਚ ਨੌਜਵਾਨ ਪੀੜ੍ਹੀ ਆਪਣੀ ਅਮੀਰ ਵਿਰਾਸਤ ਨੂੰ ਭੁੱਲਦੀ ਜਾ ਰਹੀ ਹੈ। ਇਨ੍ਹਾਂ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਆਪਣੇ ਅਮੀਰ ਵਿਰਸੇ ਨਾਲ ਜੋੜਨ ਲਈ ਕੰਪਿਊਟਰ ਵਿਭਾਗ ਵਲੋਂ ਹਰ ਸਾਲ ਅਜਿਹੇ ਵਿੱਦਿਅਕ ਟੂਰ ਆਯੋਜਿਤ ਕੀਤੇ ਜਾਂਦੇ ਹਨ।

# ਬੰਗਾ ਰੇਲ ਹੈੱਡ 'ਤੇ ਲੱਗੇਗੀ ਕਲ੍ਹ ਤੋਂ ਕਣਕ ਦੀ ਚੁਕਾਈ ਲਈ ਦੋ ਦਿਨਾਂ ਸਪੈਸ਼ਲ

**●ਏ ਡੀ ਸੀ ਰਾਜੀਵ ਵਰਮਾ ਵੱਲੋਂ ਖਰੀਦ ਏਜੰਸੀਆਂ ਨਾਲ ਮੀਟਿੰਗ ਕਰਕੇ ਖਰੀਦ ਕਾਰਜਾਂ ਦਾ ਜਾਇਜ਼ਾ**

**●ਰਾਹੋਂ ਮੰਡੀ ਦਾ ਦੌਰਾ ਕਰਕੇ ਜ਼ਮੀਨੀ ਪੱਧਰ 'ਤੇ ਚੱਲ ਰਹੇ ਖਰੀਦ ਕਾਰਜ ਦੇਖੇ**



**ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ਗੁਰਪ੍ਰੀਤ ਵਾਸੂ)** ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਅੱਜ ਇੱਥੇ ਜ਼ਿਲ੍ਹੇ 'ਚ ਕੰਮ ਕਰ ਰਹੀਆਂ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਮੀਟਿੰਗ ਕਰਕੇ ਖਰੀਦ ਕਾਰਜਾਂ ਦਾ ਜਾਇਜ਼ਾ ਲਿਆ। ਉਨ੍ਹਾਂ ਦੱਸਿਆ ਕਿ ਬੁੱਧਵਾਰ ਤੋਂ ਦੋ ਦਿਨਾਂ ਲਈ ਬੰਗਾ ਰੇਲ ਹੈੱਡ 'ਤੇ ਕਣਕ ਦੀ ਚੁਕਾਈ ਲਈ ਦੋ ਦਿਨਾਂ ਸਪੈਸ਼ਲ ਲੱਗੇਗੀ। ਉਸ ਤੋਂ ਬਾਅਦ ਜ਼ਮੀਨੀ ਪੱਧਰ 'ਤੇ ਮੰਡੀਆਂ 'ਚ ਚੱਲ ਰਹੇ ਖਰੀਦ ਕਾਰਜਾਂ ਦਾ ਜਾਇਜ਼ਾ ਲੈਣ ਰਾਹੋਂ ਮੰਡੀ ਪੁੱਜੇ ਏ ਡੀ ਸੀ (ਜ) ਰਾਜੀਵ ਵਰਮਾ ਨੇ ਜਿੱਥੇ ਖਰੀਦ ਕਾਰਜਾਂ 'ਤੇ ਸੰਤੁਸ਼ਟੀ ਪ੍ਰਗਟਾਈ ਉੱਥੇ ਰਾਹੋਂ ਮੰਡੀ 'ਚ ਥਾਂ ਦੀ ਘਾਟ ਕਾਰਨ ਫ਼ਸਲ ਰੱਖਣ ਦੇ ਬਦਲਵੇਂ ਪ੍ਰਬੰਧ ਲਈ ਆੜ੍ਹਤੀਆਂ ਵੱਲੋਂ ਕੀਤੀ ਮੰਗ 'ਤੇ ਜਲਦ ਢੁਕਵਾਂ ਫੈਸਲਾ ਲੈਣ ਦਾ ਭਰੋਸਾ ਦਿਵਾਇਆ। ਵਧੀਕ ਡਿਪਟੀ ਕਮਿਸ਼ਨਰ ਨੇ ਇਸ ਮੌਕੇ ਮੰਡੀ 'ਚ ਪਈਆਂ ਢੇਰੀਆਂ ਵੀ ਦੇਖੀਆਂ ਅਤੇ ਆੜ੍ਹਤੀਆਂ ਨੂੰ ਖਰਾਬ ਮੌਸਮ ਦੇ ਮੱਦੇਨਜ਼ਰ ਇਨ੍ਹਾਂ ਨੂੰ ਤਰਪਾਲਾਂ ਆਦਿ ਨਾਲ ਢਕਣਾ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਨੂੰ ਇਸ ਮੌਕੇ ਆੜ੍ਹਤੀਆਂ ਅਤੇ ਖਰੀਦ ਏਜੰਸੀਆਂ ਨੇ ਪ੍ਰਤੀਨਿਧਾਂ ਨੇ ਦੱਸਿਆ ਕਿ ਰਾਹੋਂ ਮੰਡੀ 'ਚ ਆ ਰਹੀ ਜਿਣਸ 'ਤੇ ਬਾਰਸ਼ਾਂ ਕਾਰਨ ਹੋਏ ਖਰਾਬੇ ਦਾ ਕੋਈ ਜ਼ਿਆਦਾ ਅਸਰ ਨਹੀਂ। ਮੌਕੇ 'ਤੇ ਮੌਜੂਦ ਜ਼ਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਰੇਨੂੰ ਬਾਲਾ ਵਰਮਾ ਨੇ ਵਧੀਕ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਕਲ੍ਹ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ 'ਚ 35 ਹਜ਼ਾਰ ਮੀਟ੍ਰਿਕ ਟਨ ਤੋਂ ਵਧੇਰੇ ਦੀ ਹੋਈ ਆਮਦ 'ਚੋਂਨ 34 ਹਜ਼ਾਰ ਮੀਟ੍ਰਿਕ ਖਰੀਦ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਏਜੰਸੀਆਂ ਵੱਲੋਂ ਕਲ੍ਹ ਸ਼ਾਮ ਤੱਕ 28 ਕਰੋੜ ਤੋਂ ਵਧੇਰੇ ਦੀ ਰਾਸ਼ੀ ਜਾਰੀ ਕੀਤੀ ਜਾ ਚੁੱਕੀ ਹੈ ਅਤੇ ਜ਼ਿਲ੍ਹਾ ਅਦਾਇਗੀ ਪੱਖੋਂ ਸੂਬੇ 'ਚ ਤੀਸਰੇ ਸਥਾਨ 'ਤੇ ਹੈ। ਵਧੀਕ ਡਿਪਟੀ ਕਮਿਸ਼ਨਰ ਨੇ ਡੀ ਐਫ ਐਸ ਸੀ ਅਤੇ ਉੱਥੇ ਮੌਜੂਦ ਹੋਰਨਾਂ ਖਰੀਦ ਏਜੰਸੀਆਂ ਦੇ ਨੁਮਾਇੰਦਿਆਂ ਨੂੰ ਮੰਡੀਆਂ 'ਚ ਸਮੇਂ ਸਿਰ ਭਾਅ ਲਾਉਣ, ਕਿਸਾਨਾਂ ਨੂੰ ਕਿਸੇ ਵੀ ਤਰ੍ਹਾਂ ਦੀ ਤਕਲੀਫ਼ ਨਾ ਆਉਣ ਦੇਣ ਅਤੇ ਮੰਡੀ ਬੋਰਡ ਅਧਿਕਾਰੀਆਂ ਨੂੰ ਕਿਸਾਨਾਂ ਦੀਆਂ ਮੁਢਲੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਪੀਣ ਵਾਲੇ ਪਾਣੀ ਅਤੇ ਹੋਰ ਪ੍ਰਬੰਧਾਂ 'ਚ ਕੋਈ ਕਮੀ ਨਾ ਆਉਣ ਦੇਣ ਲਈ ਆਖਿਆ।

# 'ਜਵੱਦੀ ਟਕਸਾਲ' ਵਿਖੇ ਕੌਮੀ ਯੋਧੇ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਦੇ 300 ਸਾਲਾਂ ਸ਼ਤਾਬਦੀ ਦੇ ਸਬੰਧ ਚ ਵਿਸ਼ੇਸ਼ ਸੈਮੀਨਾਰ 22 ਨੂੰ- ਸੰਤ ਅਮੀਰ ਸਿੰਘ

**ਲੁਧਿਆਣਾ (ਸੁਖਚੈਨ ਮਹਿਰਾ)** ਸੇਵਾ, ਸਿਮਰਨ, ਕੁਰਬਾਨੀ ਆਦਿ ਸਿੱਖ ਜੀਵਨ ਦੇ ਅਨਿਖੜਵੇਂ ਅੰਗ ਅਤੇ ਸੂਰਬੀਰ ਸ਼ਖਸ਼ੀਅਤਾਂ ਦੇ ਸ਼ਾਨਾਮੱਤੇ ਕਾਰਜ਼ਾਂ ਨੂੰ ਅਧਾਰ ਬਣਾ ਕੇ ਮੌਜੂਦਾ ਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਜੀਵਨ ਸੇਧਾਂ ਦੇਣ ਲਈ ਕਾਰਜਸ਼ੀਲ ਜਵੱਦੀ ਟਕਸਾਲ ਵਲੋਂ ਸ਼ਨੀਵਾਰ 22 ਅਪ੍ਰੈਲ ਨੂੰ ਸਵੇਰੇ 10 ਵਜੇ ਤੋਂ ਦੁਪਿਹਰ 1ਵਜੇ ਤਕ, ਟਕਸਾਲ ਦੇ ਕੇਂਦਰੀ ਅਸਥਾਨ ਗੁਰਦੁਆਰਾ ਗੁਰਗਿਆਨ ਪ੍ਰਕਾਸ਼ ਵਿਖੇ ਕੌਮੀ ਯੋਧੇ ਬਾਬਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ 300 ਸਾਲਾ ਸ਼ਤਾਬਦੀ ਦੇ ਸਬੰਧ ਚ ਵਿਸ਼ੇਸ਼ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਮੌਜੂਦਾ ਮੁਖੀ ਸੰਤ ਬਾਬਾ ਅਮੀਰ ਸਿੰਘ ਜੀ ਵਲੋਂ ਪ੍ਰੈਸ ਲਈ ਭੇਜੀ ਜਾਣਕਾਰੀ 'ਚ ਦੱਸਿਆ ਗਿਆ ਕਿ ਇਸ ਸੈਮੀਨਾਰ ਵਿੱਚ ਪ੍ਰਸਿੱਧ ਵਿਦਵਾਨ ਡਾ: ਸੁੱਖਦਿਆਲ ਸਿੰਘ, ਡਾ:



ਅਨੁਰਾਗ ਸਿੰਘ, ਡਾ: ਗੁਰਮੀਤ ਸਿੰਘ ਸਿੱਧੂ ਆਦਿ ਵਿਦਵਾਨ ਸ਼ਖਸੀਅਤਾ "ਸਿੱਖ ਮਿਸਲਾਂ" ਅਤੇ "ਬਾਬਾ ਜੱਸਾ ਸਿੰਘ ਰਾਮਗੜ੍ਹੀਆ" ਜੀ ਦੇ ਜੀਵਨ ਨਾਲ ਸਬੰਧਤ ਵਿਦਵਤਾ ਭਰਪੂਰ ਪਰਚੇ ਪੜਨਗੇ। ਉਨ੍ਹਾਂ ਦੱਸਿਆ ਕਿ ਇਸ ਸ਼ੁਭ ਮੌਕੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ ਮੁੱਖ ਗ੍ਰੰਥੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਸ਼ੇਸ਼ ਤੌਰ ਤੇ ਸ਼ਮੂਲੀਅਤ ਕਰਨਗੇ। ਉਨ੍ਹਾ ਸਮੂੰਹ ਗੁਰ ਨਾਨਕ ਨਾਮ ਲੇਵਾ ਸਿੱਖ ਸੰਗਤਾਂ ਨੂੰ ਇਸ ਵਿਸ਼ੇਸ਼ ਸੈਮੀਨਾਰ ਵਿੱਚ ਸਮੇਂ ਸਿਰ ਪੁੱਜਣ ਅਤੇ ਲਾਹਾ ਲੈਣ ਦੀ ਅਪੀਲ ਕੀਤੀ।

# ਏ ਡੀ ਸੀ ਵੱਲੋਂ ਸੇਵਾ ਕੇਂਦਰ ਰਾਹੋਂ ਦਾ ਦੌਰਾ

**● ਜ਼ਿਲ੍ਹੇ 'ਚ ਆਧਾਰ ਕਾਰਡ ਨਾਲ ਸਬੰਧਤ ਸੇਵਾਵਾਂ ਵਾਲੇ ਸੇਵਾ ਕੇਂਦਰਾਂ ਲਈ ਪ੍ਰਸ਼ਾਸਕੀ ਸੁਧਾਰ ਪਾਸੋਂ ਹੋਰ ਮਸ਼ੀਨਾਂ ਮੰਗਣ ਲਈ ਆਖਿਆ**

**● ਸੇਵਾ ਕੇਂਦਰ 'ਚ ਬੈਠੇ ਲੋਕਾਂ ਨਾਲ ਕੀਤੀ ਗੱਲਬਾਤ**



**ਸਹੀਦ ਭਗਤ ਸਿੰਘ ਨਗਰ (ਰਮੇਸ ਸਰਮਾ/ਗੁਰਪ੍ਰੀਤ ਵਾਸੂ)** ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ ਨੇ ਅੱਜ ਰਾਹੋਂ ਦੇ ਸੇਵਾ ਕੇਂਦਰ ਦਾ ਦੌਰਾ ਕਰਕੇ ਉੱਥੇ ਸੇਵਾਵਾਂ ਹਾਸਲ ਕਰਨ ਆਏ ਲੋਕਾਂ ਦਾ ਫੀਡਬੈਕ ਲਿਆ। ਉਨ੍ਹਾਂ ਨੇ ਇਸ ਮੌਕੇ ਸੇਵਾ ਕੇਂਦਰ 'ਚ ਸੇਵਾਵਾਂ ਦੇ ਰਹੇ ਅਪਰੇਟਰਾਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਵੱਲੋਂ ਆਪੋ-ਆਪਣੀ ਖਿੜਕੀ (ਵਿੰਡੋ) 'ਤੇ ਦਿੱਤੀਆਂ ਜਾ ਰਹੀਆਂ ਸੇਵਾਵਾਂ ਬਾਰੇ ਵੀ ਤਫ਼ਸੀਲ 'ਚ ਜਾਣਕਾਰੀ ਲਈ। ਵਧੀਕ ਡਿਪਟੀ ਕਮਿਸ਼ਨਰ ਨੇ ਇਸ ਮੌਕੇ ਸੇਵਾ ਲੈਣ ਆਏ ਬਿਨੇਕਾਰਾਂ 'ਚ ਜ਼ਿਆਦਾ ਲੋਕ ਆਧਾਰ ਕਾਰਡ ਸੇਵਾਵਾਂ ਨਾਲ ਸਬੰਧਤ ਹੋਣ 'ਤੇ ਸੇਵਾ ਕੇਂਦਰਾਂ ਦੇ ਜ਼ਿਲ੍ਹਾ ਮੈਨੇਜਰ ਸਰਬਜੀਤ ਸਿੰਘ ਅਤੇ ਸਹਾਇਕ ਜ਼ਿਲ੍ਹਾ ਤਕਨੀਕੀ ਮੈਨੇਜਰ ਸੁਖਵਿੰਦਰ ਕੁਮਾਰ ਨੂੰ ਪ੍ਰਸ਼ਾਸਕੀ ਵਿਭਾਗ ਨਾਲ ਤਾਲਮੇਲ ਕਰਕੇ, ਜ਼ਿਲ੍ਹੇ ਦੇ ਅਜਿਹੇ ਸੇਵਾ ਕੇਂਦਰਾਂ ਜਿੱਥੇ ਆਧਾਰ ਕਾਰਡ ਨਾਲ ਸਬੰਧਤ ਸੇਵਾਵਾਂ ਵਾਲੇ ਲੋਕ ਜ਼ਿਆਦਾ ਆਉਂਦੇ ਹਨ, ਵਿਖੇ ਇੱਕ -ਇੱਕ ਹੋਰ ਮਸ਼ੀਨ ਦਾ ਪ੍ਰਬੰਧ ਕਰਨ ਲਈ ਆਖਿਆ। ਵਧੀਕ ਡਿਪਟੀ ਕਮਿਸ਼ਨਰ ਨੇ ਇਸ ਮੌਕੇ ਦੱਸਿਆ ਕਿ ਜ਼ਿਲ੍ਹੇ 'ਚ ਕੁੱਲ 17 ਸੇਵਾ ਕੇਂਦਰ ਕਾਰਜਸ਼ੀਲ ਹਨ ਜਿੱਥੇ ਕੁੱਲ 425 ਸੇਵਾਵਾਂ ਦਿੱਤੀਆਂ ਜਾਂਦੀਆਂ ਹਨ। ਇਨ੍ਹਾਂ ਵਿੱਚੋਂ 320 ਸੇਵਾਵਾਂ ਆਨਲਾਈਨ ਹਨ ਜਦਕਿ 105 ਸੇਵਾਵਾਂ ਆਫ਼ਲਾਈਨ ਮਾਧਿਅਮ ਰਾਹੀਂ ਹਨ। ਉਨ੍ਹਾਂ ਇਸ ਮੌਕੇ ਉੱਥੇ ਮੌਜੂਦ ਜ਼ਿਲ੍ਹਾ ਮੈਨੇਜਰ ਸਰਬਜੀਤ ਸਿੰਘ ਅਤੇ ਸਹਾਇਕ ਜ਼ਿਲ੍ਹਾ ਤਕਨੀਕੀ ਮੈਨੇਜਰ ਸੁਖਵਿੰਦਰ ਕੁਮਾਰ ਨੂੰ ਜ਼ਿਲ੍ਹੇ ਦੇ ਸਾਰੇ ਸੇਵਾ ਕੇਂਦਰਾਂ 'ਚ ਆਉਣ ਵਾਲੇ ਲੋਕਾਂ ਲਈ ਲੋੜੀਂਦੇ ਬੈਠਣ ਦੇ ਪ੍ਰਬੰਧ ਵੀ ਯਕੀਨੀ ਬਣਾਉਣ ਲਈ ਕਿਹਾ। ਉਨ੍ਹਾਂ ਕਿਹਾ ਕਿ ਗਰਮੀ ਦਾ ਮੌਸਮ ਹੋਣ ਕਾਰਨ ਲੋਕਾਂ ਨੂੰ ਕੁੱਝ ਮੁਢਲੀਆਂ ਸਹੂਲਤਾਂ ਦੇਣਾ ਸਾਡਾ ਫ਼ਰਜ਼ ਹੈ।

# ਕੁਮਾਰੀ ਕਾਜਲ ਦਾ ਫੇਸਿੰਗ ਗੇਮ ਚ ਸ਼ਾਨਦਾਰ ਪ੍ਰਦਰਸ਼ਨ



**ਦੀਨਾਨਗਰ (ਡਾ.ਰਮੇਸ਼ ਸਰੰਗਲ )** ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ ਦੀਨਾਨਗਰ ਦੇ ਸਰੀਰਕ ਸਿੱਖਿਆ ਵਿਭਾਗ ਨੇ ਪ੍ਰਿੰਸੀਪਲ ਡਾ: ਰੀਨਾ ਤਲਵਾਰ ਦੀ ਯੋਗ ਅਗਵਾਈ ਅਤੇ ਸਰੀਰਕ ਸਿੱਖਿਆ ਵਿਭਾਗ ਦੀ ਮੁਖੀ ਤਲਜਿੰਦਰ ਕੌਰ ਦੀ ਅਗਵਾਈ ਹੇਠ ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ, ਦੀਨਾਨਗਰ ਦਾ ਨਾਂ ਰੌਸ਼ਨ ਕੀਤਾ ਹੈ। ਇੱਕ ਵਿਦਿਆਰਥੀ ਵਜੋਂ ਕਾਜਲ ਇੱਕ ਵਿਦਿਆਰਥਣ ਨੇ ਫੇਸਿੰਗ ਚ ਸੀਨੀਅਰ ਯੂਥ (ਅੰਡਰ 23 ) ਪੰਜਾਬ ਰਾਜ ਪ੍ਰਤੀਯੋਗਿਤਾ 2022 _23 ਚ ਪਦਕ ਜੀ ਮਾਲਵਾ ਕਾਲਜ ਆਫ਼ ਨਰਸਿੰਗ, ਮਹਿਲ ਕਲਾਂ, ਬਰਨਾਲਾ ਵਿਖੇ ਅਯੋਜਿਤ ਇਸ ਪ੍ਰਤੀਯੋਗਿਤਾ ਵਿਚ ਉਸਨੂੰ 4 ਮੈਡਲ ਮਿਲੇ। ਇਨ੍ਹਾਂ ਨੇ ਇਵੈਂਟ ਫਾਈਲ ਵਿਅਕਤੀਗਤ (ਅੰਡਰ - 23) ਸ਼ਾਨਦਾਰ ਰਜਤ ਪਦਕ ਅਤੇ ਇਵੈਂਟ ਫਾਈਲ ਟੀਮ (ਅੰਡਰ 23) ਚ ਤਿੰਨ ਕਾਂਸੇ ਪਦਕ ਜਿੱਤੇ ਇਸ ਸਬੰਧ ਚ ਪ੍ਰਿੰਸੀਪਲ ਡਾ ਰੀਨਾ ਤਲਵਾਰ ਨੇ ਖੁਸ਼ੀ ਜਾਹਿਰ ਕੀਤੀ। ਉਨ੍ਹਾਂ ਨੇ ਹਰ ਵਿਦਿਆਰਥਣ ਚ ਅਨੁਸ਼ਾਸਨ, ਖੇਲ ਭਾਵਨਾ ਦੇ ਗੁਣਾਂ ਦੀ ਜਰੂਰਤ ਨੂੰ ਵਧਾਇਆ ਤੇ ਅਧਿਆਪਕਾਂ ਦੀ ਅਤੇ ਮਾਤਾ ਪਿਤਾ ਦੇ ਯਤਨਾਂ ਦੀ ਸ਼ਲਾਘਾ ਕੀਤੀ ।

# ਡਿਪਸ ਸਕੂਲ ਵਿੱਚ ਵਿਸ਼ਵ ਵਿਰਾਸਤ ਦਿਵਸ ਮਨਾਇਆ ਗਿਆ



**ਜਲੰਧਰ (ਰਾਕੇਸ਼ ਵਰਮਾ)** ਭਾਰਤ ਅਤੇ ਵਿਸ਼ਵ ਦੀਆਂ ਵੱਖ-ਵੱਖ ਇਤਿਹਾਸਕ ਇਮਾਰਤਾਂ ਬਾਰੇ ਬੱਚਿਆਂ ਨੂੰ ਜਾਣੂ ਕਰਵਾਉਣ ਲਈ ਡਿਪਸ ਬਲੂਮਿੰਗ ਡੇਲਜ਼, ਸੁਰਾਨੁੱਸੀ ਸਕੂਲ ਵਿਸ਼ਵ ਵਿਰਾਸਤ ਦਿਵਸ ਮਨਾਇਆ ਗਿਆ। ਇਸ ਦੌਰਾਨ ਬੱਚਿਆਂ ਨੇ ਦੁਨੀਆ ਭਰ ਦੇ ਮਹੱਤਵਪੂਰਨ ਸਮਾਰਕਾਂ ਦੀ ਪੇਂਟਿੰਗ ਬਣਾਈ ਅਤੇ ਉਨ੍ਹਾਂ ਬਾਰੇ ਆਪਣੇ ਸਹਿਪਾਠੀਆਂ ਨੂੰ ਜਾਣੂ ਕਰਵਾਇਆ। ਬੱਚਿਆਂ ਨੇ ਦੱਸਿਆ ਕਿ ਦੁਨੀਆ ਭਰ 'ਚ ਕਈ ਅਜਿਹੀਆਂ ਇਤਿਹਾਸਕ ਇਮਾਰਤਾਂ ਹਨ, ਜਿਨ੍ਹਾਂ ਨੂੰ ਦੇਖਣ ਲਈ ਦੁਨੀਆ ਭਰ ਤੋਂ ਲੋਕ ਪਹੁੰਚਦੇ ਹਨ। ਇਹ ਵਿਰਸਾ ਨਾ ਸਿਰਫ਼ ਪੁਰਾਣੇ ਸੱਭਿਆਚਾਰ ਦਾ ਅਹਿਸਾਸ ਕਰਵਾਉਂਦਾ ਹੈ ਸਗੋਂ ਉਨ੍ਹਾਂ ਨਾਲ ਜੁੜੀਆਂ ਕਹਾਣੀਆਂ ਬਾਰੇ ਵੀ ਜਾਣਕਾਰੀ ਦਿੰਦਾ ਹੈ। ਅੱਜ ਦੇ ਸਮੇਂ ਵਿੱਚ ਇਹ ਇਮਾਰਤਾਂ ਖਸਤਾ ਹੋਣ ਲੱਗ ਪਈਆਂ ਹਨ, ਜਿਸ ਕਾਰਨ ਇਨ੍ਹਾਂ ਦੀ ਸੰਭਾਲ ਦੀ ਬਹੁਤ ਲੋੜ ਹੈ। ਇਸ ਦੇ ਨਾਲ ਹੀ ਕੁਝ ਲੋਕ ਅਜਿਹੇ ਵੀ ਹਨ ਜੋ ਉਨ੍ਹਾਂ ਨੂੰ ਪਾਲਤੂ ਬਣਾ ਕੇ, ਉਨ੍ਹਾਂ 'ਤੇ ਥੁੱਕ ਕੇ ਉਨ੍ਹਾਂ ਨੂੰ ਖਰਾਬ ਕਰਦੇ ਹਨ। ਬੱਚਿਆਂ ਲਈ ਇੰਟਰ ਹਾਊਸ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਜਿਸ ਵਿੱਚ ਬੱਚਿਆਂ ਨੂੰ ਦੇਸ਼-ਵਿਦੇਸ਼ ਦੀਆਂ ਵੱਖ-ਵੱਖ ਇਤਿਹਾਸਕ ਇਮਾਰਤਾਂ ਬਾਰੇ ਪੁੱਛਿਆ ਗਿਆ ਅਤੇ ਉਨ੍ਹਾਂ ਬਾਰੇ ਜਾਣਕਾਰੀ ਦਿੱਤੀ ਗਈ। ਅਧਿਆਪਕਾਂ ਨੇ ਬੱਚਿਆਂ ਨੂੰ ਦੱਸਿਆ ਕਿ ਵਿਸ਼ਵ ਵਿਰਾਸਤ ਦਿਵਸ 1982 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ 1983 ਵਿੱਚ ਯੂਨੈਸਕੋ ਵੱਲੋਂ ਮਾਨਤਾ ਪ੍ਰਾਪਤ ਹੋਈ ਸੀ। ਹਰ ਸਾਲ ਇਸ ਦਿਨ ਨੂੰ ਮਨਾਉਣ ਲਈ ਇੱਕ ਥੀਮ ਤੈਅ ਕੀਤੀ ਜਾਂਦੀ ਹੈ ਅਤੇ ਇਸ ਸਾਲ ਦੀ ਥੀਮ ਹੈ ਹੈਰੀਟੇਜ ਚੇਂਜਜ਼। ਪ੍ਰਿੰਸੀਪਲਾਂ ਨੇ ਦੱਸਿਆ ਕਿ ਇਸ ਦਿਨ ਨੂੰ ਮਨਾਉਣ ਦਾ ਮੁੱਖ ਮਕਸਦ ਸਾਡੇ ਇਤਿਹਾਸ ਨਾਲ ਜੁੜੀਆਂ ਇਤਿਹਾਸਕ, ਸੱਭਿਆਚਾਰਕ ਅਤੇ ਕੁਦਰਤੀ ਥਾਵਾਂ ਨੂੰ ਸੰਭਾਲਣਾ ਹੈ। ਸਾਨੂੰ ਵਿਦਿਆਰਥੀਆਂ ਨੂੰ ਵੀ ਸੈਰ ਸਪਾਟੇ ਨੂੰ ਪ੍ਰਫੁੱਲਤ ਕਰਨ ਅਤੇ ਇਤਿਹਾਸਕ ਇਮਾਰਤਾਂ ਦੀ ਪੂਰੀ ਤਰ੍ਹਾਂ ਸਾਂਭ ਸੰਭਾਲ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਨਾਲ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਇਨ੍ਹਾਂ ਇਮਾਰਤਾਂ ਬਾਰੇ ਜਾਣਕਾਰੀ ਮਿਲ ਸਕੇਗੀ।

## ਗੁਰੂ ਗੋਬਿੰਦ ਸਿੰਘ ਏ ਆਰ ਡੀ ਪਬਲਿਕ ਸਕੂਲ ਸਾਧਾਂਵਾਲਾ ਪੰਜਵੀਂ ਜਮਾਤ ਦਾ ਨਤੀਜਾ 100% ਰਿਹਾ



**ਫਰੀਦਕੋਟ (ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ)** ਗੁਰੂ ਗੋਬਿੰਦ ਸਿੰਘ ਏ ਆਰ ਡੀ ਪਬਲਿਕ ਸਕੂਲ ਸਾਧਾਂਵਾਲਾ ਦਾ ਪੰਜਵੀਂ ਜਮਾਤ ਦਾ ਬੋਰਡ ਵੱਲੋਂ ਐਲਾਨਿਆ ਨਤੀਜਾ ਸੌ ਪ੍ਰਤੀਸ਼ਤ ਰਿਹਾ ਹੈ। ਸਕੂਲ ਮੁੱਖੀ ਰਾਜਵੀਰ ਕੌਰ ਗਿੱਲ ਨੇ ਦੱਸਿਆ ਕਿ ਸਾਰੇ ਬੱਚਿਆਂ ਨੇ ਇੰਗਲਿਸ਼ ਮੀਡੀਅਮ ਵਿੱਚ ਪ੍ਰੀਖਿਆ ਦਿੱਤੀ ਸੀ। ਜਿਸ ਵਿੱਚੋਂ ਸਾਰੇ ਵਿਦਿਆਰਥੀ ਬਹੁਤ ਚੰਗੇ ਨੰਬਰ ਲੈ ਕੇ ਫਸਟ ਡਵੀਜ਼ਨ ਵਿੱਚ ਪਾਸ ਹੋਏ ਹਨ। ਹਰਪ੍ਰੀਤ ਕੌਰ ਨੇ 493 ਨੰਬਰ ਲੈ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸੁਖਪ੍ਰੀਤ ਕੌਰ ਨੇ 490 ਨੰਬਰ ਲੈ ਕੇ ਦੂਸਰਾ ਸਥਾਨ ਪ੍ਰਾਪਤ ਕੀਤਾ। ਇਸ ਤੋਂ ਇਲਾਵਾ ਰਮਨਪ੍ਰੀਤ ਸਿੰਘ, ਰਣਵੀਰ ਸਿੰਘ ਅਤੇ ਮਨਤਾਜਪ੍ਰੀਤ ਸਿੰਘ ਨੇ ਬਹੁਤ ਚੰਗੇ ਨੰਬਰ ਹਾਸਿਲ ਕੀਤੇ ਹਨ। ਚੇਅਰਮੈਨ ਐੱਮ ਐੱਸ ਗਿੱਲ ਨੇ ਬੱਚਿਆਂ, ਮਾਪਿਆਂ ਅਤੇ ਅਧਿਆਪਕਾਂ ਨੂੰ ਵਧਾਈ ਦਿੱਤੀ। ਉਹਨਾਂ ਨੇ ਬੱਚਿਆਂ ਨੂੰ ਹੋਰ ਲਗਨ ਨਾਲ ਮਿਹਨਤ ਕਰਕੇ ਜ਼ਿੰਦਗੀ ਵਿੱਚ ਸਫਲ ਹੋਣ ਲਈ ਪ੍ਰੇਰਿਤ ਕੀਤਾ। ਇਸ ਸਮੇਂ ਵੀਰ ਸਿੰਘ ਗੋਲੇਵਾਲੀਆ, ਸਿਮਰਜੀਤ ਕੌਰ, ਸੰਯੋਤ ਕੌਰ, ਮਨਦੀਪ ਕੌਰ ਅਤੇ ਵਿਦਿਆਰਥੀ ਹਾਜ਼ਰ ਸਨ ਇਸ ਮੌਕੇ ਪੱਤਰਕਾਰ ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ ਸਾਹਬ ਸਾਧਾਂਵਾਲਾ ਦੀ ਸਮੂਹ ਟੀਮ ਨੇ ਸਮੂਹ ਸਕੂਲ ਸਟਾਫ਼ ਨੂੰ ਬੱਚਿਆਂ ਦੀ ਵਧੀਆ ਪੜਾਈ ਕਰਵਾਉਣ ਅਤੇ ਬੱਚਿਆਂ ਨੂੰ ਵਧੀਆ ਸਿੱਖਿਆ ਦੇਣ ਤੇ ਬਹੁਤ ਬਹੁਤ ਧੰਨਵਾਦ ਕੀਤੀ ਵਾਹਿਗੁਰੂ ਅੱਗੇ ਅਰਦਾਸ ਬੇਨਤੀ ਕੀਤੀ ਵਾਹਿਗੁਰੂ ਸਕੂਲ ਨੂੰ ਇਸ ਤੋਂ ਵੀ ਵੱਧ ਤਰੱਕੀਆਂ ਦੇਵੇ ।

## ਪੰਜਾਬ ਤੇ ਹਰਿਆਣਾ ਹਾਈ ਕੋਰਟ ਲਈ ਛੇ ਸਥਾਈ ਜੱਜਾਂ ਦੀ ਨਿਯੁਕਤੀ ਦੀ ਸਿਫਾਰਸ਼


**ਨਵੀਂ ਦਿੱਲੀ।** ਚੀਫ ਜਸਟਿਸ ਡੀਵਾਈ ਚੰਦਰਚੂੜ ਦੀ ਅਗਵਾਈ ਹੇਠਲੇ ਸੁਪਰੀਮ ਕੋਰਟ ਦੇ ਕੌਲਿਜੀਅਮ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਛੇ ਵਧੀਕ ਜੱਜਾਂ ਦੇ ਨਾਵਾਂ ਦੀ ਸਿਫਾਰਸ਼ ਸਥਾਈ ਜੱਜਾਂ ਵਜੋਂ ਨਿਯੁਕਤ ਕਰਨ ਲਈ ਕੀਤੀ ਹੈ। ਇਹ ਵਧੀਕ ਜੱਜ ਜਸਟਿਸ ਵਿਕਾਸ ਬਹਿਲ, ਜਸਟਿਸ ਵਿਕਾਸ ਸੂਰੀ, ਜਸਟਿਸ ਸੰਦੀਪ ਮੌਦਗਿਲ, ਜਸਟਿਸ ਵਿਨੋਦ ਸ਼ਰਮਾ (ਭਾਰਦਵਾਜ), ਜਸਟਿਸ ਪੰਕਜ ਜੈਨ ਅਤੇ ਜਸਟਿਸ ਜਸਜੀਤ ਸਿੰਘ ਬੇਦੀ ਹਨ। ਕੌਲਿਜੀਅਮ 'ਚ ਜਸਟਿਸ ਸੰਜੈ ਕਿਸ਼ਨ ਕੌਲ ਅਤੇ ਜਸਟਿਸ ਕੇਐੱਮ ਜੋਸਫ ਵੀ ਸ਼ਾਮਲ ਹਨ। ਕੌਲਿਜੀਅਮ ਨੇ ਕਿਹਾ ਕਿ ਕਿਉਂਕਿ ਵਧੀਕ ਜੱਜਾਂ 'ਚੋਂ ਇੱਕ ਦਾ ਮੌਜੂਦਾ ਦੋ ਸਾਲ ਦਾ ਕਾਰਜਕਾਲ 24 ਮਈ ਨੂੰ ਖਤਮ ਹੋਣ ਵਾਲਾ ਹੈ, ਇਸ ਲਈ ਕੇਂਦਰ ਵੱਲੋਂ ਇਸ 'ਤੇ ਤੇਜ਼ੀ ਨਾਲ ਕਾਰਵਾਈ ਕੀਤੀ ਜਾ ਸਕਦੀ ਹੈ। ਕੌਲਿਜੀਅਮ ਨੇ 17 ਅਪਰੈਲ ਨੂੰ ਆਪਣੀ ਮੀਟਿੰਗ 'ਚ ਇਹ ਫ਼ੈਸਲਾ ਲਿਆ ਸੀ।

# ਛੇਵੇਂ ਮਯੰਕ ਸ਼ਰਮਾ ਯਾਦਗਾਰੀ ਪੇਂਟਿੰਗ ਮੁਕਾਬਲੇ 'ਚ 1500 ਪ੍ਰਤੀਭਾਗੀਆਂ ਆਪਣੀ ਪ੍ਰਤਿਭਾ ਦਾ ਦਿਖਾਇਆ ਹੁਨਰ

### ਤਨਿਸ਼ ਨੇ ਆਪਣੇ ਪੈਰਾਂ ਨਾਲ ਪੇਂਟਿੰਗ ਬਣਾ ਕੇ ਹਰ ਕਿਸੇ ਦਾ ਜਿੱਤਿਆ ਦਿਲ










**ਫ਼ਿਰੋਜ਼ਪੁਰ (ਲੋਕ ਬਾਣੀ)** ਬਾਮਯੰਕ ਫਾਊਂਡੇਸ਼ਨ ਵੱਲੋਂ ਵਿਦਿਆਰਥੀਆਂ ਦੀਆਂ ਛੁਪੀਆਂ ਪ੍ਰਤਿਭਾਵਾਂ ਨੂੰ ਨਿਖਾਰਨ ਦੇ ਮਕਸਦ ਨਾਲ ਛੇਵਾਂ ਮਯੰਕ ਸ਼ਰਮਾ ਪੇਂਟਿੰਗ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ 55 ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਦੇ 1510 ਪ੍ਰਤੀਯੋਗੀਆਂ ਨੇ ਭਾਗ ਲਿਆ। ਫਾਊਂਡੇਸ਼ਨ ਦੇ ਸੰਸਥਾਪਕ ਦੀਪਕ ਸ਼ਰਮਾ ਨੇ ਦੱਸਿਆ ਕਿ ਮੁਕਾ-ਬਲੇ ਵਿੱਚ ਇੱਕ ਵਿਸ਼ੇਸ਼ ਵਿਦਿਆਰਥੀ ਤਨੀਸ਼ ਨੇ ਆਪਣੇ ਹੌਸਲੇ ਅਤੇ ਹੁਨਰ ਦਾ ਪ੍ਰਦਰਸ਼ਨ ਕਰਕੇ ਸਾਰਿਆਂ ਦਾ ਦਿਲ ਜਿੱਤ ਲਿਆ। ਪ੍ਰੋਗਰਾਮ ਦੀ ਪ੍ਰਧਾਨਗੀ ਫਾਊਂਡੇਸ਼ਨ ਦੇ ਪ੍ਰਧਾਨ ਡਾ.ਅਨਿਰੁਧ ਗੁਪਤਾ ਨੇ ਕੀਤੀ। ਮੁਕਾਬਲੇ ਵਿੱਚ ਬ੍ਰਿਗੇਡੀਅਰ ਅਸ਼ੀਸ਼ ਖੁਰਾਣਾ, ਜਲ੍ਹਿ ਗਵਰਨਰ ਰੋਟੇਰੀਅਨ ਭੁਪੇਸ਼ ਮਹਿਤਾ, ਸਮਾਜ ਸੇਵੀ ਧਰਮਪਾਲ ਬਾਂਸਲ, ਮਹਿਲਾ ਸਮਾਜ ਸੇਵਿਕਾ ਸੰਜਨਾ ਮਿੱਤਲ, ਰੈੱਡ ਕਰਾਸ ਸਕੱਤਰ ਅਸ਼ੋਕ ਬਹਿਲ, ਬ੍ਰਹਮਾਕੁਮਾਰੀ ਸਫਿਲੀ, ਉਦਯੋਗਪਤੀ ਸੰਜੀਵ ਗੁਪਤਾ, ਡਾ: ਵਿਕਾਸ ਅਰੋੜਾ, ਨਾਇਬ ਤਹਿਸੀਲਦਾਰ ਰਕੇਸ਼ ਅਗਰਵਾਲ, ਈਸ਼ਵਰ ਸ਼ਰਮਾ, ਸੁਨੀਰ ਮੋਗਾ, ਮਨਜੀਤ ਸਿੰਘ ਆਦਿ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਡਾ: ਅਨਿਰੁਧ ਗੁਪਤਾ ਨੇ ਸਟੇਜ 'ਤੇ ਮੌਜੂਦ ਸਾਰਿਆਂ ਨੂੰ ਸ਼ੁਭਕਾਮਨਾਵਾਂ ਦਿੰਦੇ ਹੋਏ ਕਿਹਾ ਕਿ ਫਾਊਂਡੇਸ਼ਨ ਦਾ ਇਹ ਕਾਫਲਾ ਕੋਵਿਡ-19 ਵਰਗੇ ਔਖੇ ਹਾਲਾਤਾਂ 'ਚ ਵੀ ਚੱਲਦਾ ਰਿਹਾ ਅਤੇ ਉਸ ਸਮੇਂ ਕਰਵਾਈ ਆਨਲਾਈਨ ਪ੍ਰਤੀਯੋਗਤਾ ਵਿੱਚ ਦੁਨੀਆ ਭਰ ਤੋਂ 10 ਹਜ਼ਾਰ ਪ੍ਰਤੀਯੋਗੀਆਂ ਨੇ ਹਿੱਸਾ ਲਿਆ । ਪ੍ਰੋਜੈਕਟ ਕੋਆਰਡੀਨੇਟਰ ਯੋਗੇਸ਼ ਤਲਵਾੜ , ਦੀਪਕ ਨਰੂਲਾ ,ਰੁਪਿੰਦਰ ਸਿੰਘ ਤੇ ਡਾ ਕੁਲਵਿੰਦਰ ਨੰਦਾ ਨੇ ਦੱਸਿਆ ਕਿ ਮੁਕਾਬਲਿਆਂ ਵਿੱਚ ਵੱਖ-ਵੱਖ ਵਰਗਾਂ ਵਿੱਚ ਦ੍ਰਿਸ਼ਟੀ, ਦਿਵਿਤ ਅਗਰਵਾਲ, ਹੀਆ ਅਗਰਵਾਲ, ਅਜੀਤੇਸ਼ ਸ਼ਰਮਾ, ਲਖਿਤ ਮਿੱਤਲ, ਲਵਦੀਪ ਕੌਰ, ਸਹਿਜਮਨ ਕੌਰ, ਇਮਰੋਜ ਸਿੰਘ, ਸਲੀਨਾ, ਜਸਜੀਤ ਕੌਰ, ਹਰਸ਼ਤਿ ਸ਼ਰਮਾ, ਮਨਪ੍ਰੀਤ ਕੌਰ, ਬਿੰਦਰਪਾਲ, ਡਾ. ਤਰਸੇਮ ਸਿੰਘ ਨੇ ਪਹਿਲਾ ਆ ਕੇ ਜਿੱਤ ਦਾ ਝੰਡਾ ਲਹਿਰਾਇਆ। ਮੁਕਾਬਲੇ ਵਿੱਚ ਜੱਜ ਦੀ ਭੂਮਿਕਾ ਖੁਸ਼ਬੂ ਅਰੋੜਾ, ਪ੍ਰੋ. ਅਮਨ ਸੰਧੂ, ਰਾਹੁਲ ਸ਼ਰਮਾ, ਆਦਰਸ਼ਪਾਲ ਸਿੰਘ, ਸੰਦੀਪ ਸਿੰਘ, ਵਰਿੰਦਾ ਗੋਇਲ, ਜਗਦੀਪ ਕੁਮਾਰ, ਸ਼ਵਿਨੀ, ਮੇਘਨਾ ਧਵਨ, ਪ੍ਰੋ. ਸਪਨਾ ਬਧਵਾਰ, ਅੰਜਲੀ, ਸ਼ਫਿ, ਯੁਕਤੀ ਕਾਰਵਾ, ਸੰਦੀਪ ਸਿੰਘ, ਭਵਦੀਪ ਕੋਹਲੀ, ਇਤਿਕਾ ਗਰਗ, ਦੀਪਤੀ ਕਾਲੜਾ, ਚਰਨਜੀਤ, ਜੋਤੀ ਅਤੇ ਸਤਨਾਮ ਸਿੰਘ ਨੇ ਕੀਤੀ।

# ਭਾਜਪਾ ਪੰਜਾਬ ਦਾ ਭਵਿੱਖ ਹੈ, ਹੋਰ ਪਾਰਟੀਆਂ ਜਨਤਾ ਦੇ ਪੈਮਾਨੇ 'ਤੇ ਹੋਈਆਂ ਫੇਲ੍ਹ : ਅਸ਼ਵਨੀ ਸ਼ਰਮਾ

## ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਨੇ ਸੌਦਾਨ ਸਿੰਘ, ਰੁਪਾਨੀ ਅਤੇ ਅਸ਼ਵਨੀ ਸ਼ਰਮਾ ਦੀ ਹਾਜ਼ਰੀ ਵਿੱਚ ਭਰੇ ਨਾਮਜ਼ਦਗੀ ਕਾਗਜ।

**ਜਲੰਧਰ (ਸਤਿੰਦਰ ਪਾਲ ਸਿੰਘ )** ਜਲੰਧਰ ਲੋਕ ਸਭਾ ਜ਼ਮਿਨੀ ਚੋਣ ਲਈ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਨੇ ਅੱਜ ਆਪਣੇ ਨਾਮਜ਼ਦਗੀ ਕਾਗਜ ਦਾਖਲ ਕੀਤੇ। ਨਾਮਜ਼ਦਗੀ ਭਰਨ ਤੋਂ ਪਹਿਲਾਂ ਜਲੰਧਰ ਭਾਜਪਾ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਪ੍ਰਧਾਨਗੀ ਹੇਠ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਦੇ ਹੱਕ ਵਿਚ ਕਪੂਰਥਲਾ ਰੋਡ ਸਥਿਤ ਗਾਂਧੀ ਵਨੀਤਾ ਆਸ਼ਰਮ ਪੁੱਡਾ ਗਰਾਊਂਡ ਵਿਖੇ ਭਾਜਪਾ ਵੱਲੋਂ ਇੱਕ ਵਿਸ਼ਾਲ ਚੋਣ ਰੈਲੀ ਕੀਤੀ ਗਈ, ਜਿਸ ਵਿਚ ਭਾਜਪਾ ਪੰਜਾਬ ਦੇ ਇੰਚਾਰਜ ਅਤੇ ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਵਿਜੇ ਰੁਪਾਣੀ, ਕੌਮੀ ਮੀਤ ਪ੍ਰਧਾਨ ਸੌਦਾਨ ਸਿੰਘ, ਕੇਂਦਰੀ ਮੰਤਰੀ ਸੋਮ ਪ੍ਰਕਾਸ਼, ਲੋਕ ਸਭਾ ਉਪ ਚੋਣ ਇੰਚਾਰਜ ਡਾ: ਮਹਿੰਦਰ ਸਿੰਘ, ਸਹਿ-ਇੰਚਾਰਜ ਡਾ: ਨਰਿੰਦਰ ਸਿੰਘ ਰੈਨਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ ਇਸ ਰੈਲੀ ਵਿੱਚ ਪੁੱਜਣ ਲਈ ਆਮ ਲੋਕਾਂ ਦੇ ਨਾਲ-ਨਾਲ ਕਿਸਾਨਾਂ ਅਤੇ ਔਰਤਾਂ ਨੇ ਵੀ ਵੱਡੀ ਗਿਣਤੀ ਵਿੱਚ ਟਰੈਕਟਰਾਂ 'ਤੇ ਚੜ੍ਹ ਕੇ ਸ਼ਮੂਲੀਅਤ ਕੀਤੀ, ਜਿਸ ਕਾਰਨ ਕਈ ਕਿਲੋਮੀਟਰ ਤੱਕ ਜਾਮ ਲੱਗ ਗਿਆ। ਇਸ ਰੈਲੀ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਇਕੱਠੇ ਹੋਏ ਅਤੇ ਭਾਜਪਾ ਉਮੀਦਵਾਰ ਰਿੰਕੂ ਅਟਵਾਲ ਦੇ ਹੱਕ ਵਿੱਚ ਹੁੰਕਾਰ ਭਰੀ। ਨੌਜਵਾਨਾਂ ਨੇ ਵੀ ਭਾਜਪਾ ਉਮੀਦਵਾਰ ਅਟਵਾਲ ਦੇ ਹੱਕ ਵਿੱਚ ਹਮਾਇਤ ਦਿਖਾਈ ਅਤੇ ਨਾਮਜ਼ਦਗੀ ਭਰਨ ਸਮੇਂ ਕਾਫਲੇ ਦੇ ਰੂਪ ਵਿੱਚ ਭਾਜਪਾ ਲੀਡਰਸ਼ਿਪ ਦੀ ਅਗਵਾਈ ਕੀਤੀ।ਅਸ਼ਵਨੀ ਸ਼ਰਮਾ ਨੇ ਰੈਲੀ ਵਿੱਚ ਆਪਣੇ ਸੰਬੋਧਨ ਵਿੱਚ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਭਗਵੰਤ ਮਾਨ ਸਰਕਾਰ ਦੇ ਪਹਿਲੇ ਤਿੰਨ ਮਹੀਨਿਆਂ ਵਿੱਚ ਹੀ ਜਨਤਾ ਨੂੰ ਝੂਠੇ ਵਾਅਦਿਆਂ ਦੀ ਸੱਚਾਈ ਪਤਾ ਲੱਗ ਗਈ ਸੀ। ਇਹੀ ਕਾਰਨ ਹੈ ਕਿ ਸੰਗਰੂਰ ਲੋਕ ਸਭਾ ਸੀਟ ਦੀ ਜ਼ਮਿਨੀ ਚੋਣ 'ਚ ਲੋਕਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਦੀ ਸੀਟ 'ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਨੂੰ ਹਰਾ ਕੇ ਭਗਵੰਤ ਮਾਨ ਨੂੰ ਜਵਾਬ ਦਿੱਤਾ ਸੀ ਅਤੇ ਹੁਣ ਜਲੰਧਰ ਲੋਕ ਸਭਾ ਜ਼ਮਿਨੀ ਚੋਣ 'ਚ ਵੀ ਲੋਕਾਂ ਨੇ ਇਕ ਵਾਰ ਫਿਰ ਆਪ ਉਮੀਦਵਾਰ ਨੂੰ ਹਰਾ ਕੇ ਆਮ ਆਦਮੀ ਪਾਰਟੀ ਨੂੰ ਜਵਾਬ ਦੇਣਗੇ। ਇੱਕ ਸਾਲ ਬੀਤ ਜਾਣ ਤੋਂ ਬਾਅਦ ਅੱਜ ਪੰਜਾਬ ਦੇ ਹਾਲਾਤ ਇਹ ਹਨ ਕਿ ਸੂਬੇ ਦੇ ਲੋਕ 'ਆਪ' ਸਰਕਾਰ ਤੋਂ ਤੰਗ ਆ ਚੁੱਕੇ ਹਨ ਅਤੇ ਹੁਣ ਬਦਲਾਅ ਚਾਹੁੰਦੇ ਹਨ। ਆਮ ਆਦਮੀ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਲੋਕਾਂ ਨਾਲ ਕਈ ਵਾਅਦੇ ਕੀਤੇ ਸਨ, ਪਰ ਅਜੇ ਤੱਕ ਪੂਰੇ ਨਹੀਂ ਕੀਤੇ। ਪੰਜਾਬ ਵਿੱਚ ਅਮਨ-ਕਾਨੂੰਨ ਦੀ ਸਥਿਤੀ ਬਦ ਤੋਂ ਬਦਤਰ ਹੈ, ਕਤਲ, ਡਕੈਤੀਆਂ, ਫਿਰੌਤੀ, ਲੁੱਟ-ਖੋਹ ਆਦਿ ਦੀਆਂ ਘਟਨਾਵਾਂ ਨਿੱਤ ਵਾਪਰ ਰਹੀਆਂ ਹਨ ਅਤੇ ਸਰਕਾਰ ਅਤੇ ਪ੍ਰਸ਼ਾਸਨ ਇਨ੍ਹਾਂ ਨੂੰ ਠੱਲ੍ਹ ਪਾਉਣ ਵਿੱਚ ਪੂਰੀ ਤਰ੍ਹਾਂ ਨਾਕਾਮ ਸਾਬਤ ਹੋਏ ਹਨ। ਪੰਜਾਬ ਵਿੱਚ ਕੋਈ ਵੀ ਸੁਰੱਖਿਅਤ ਮਹਿਸੂਸ ਨਹੀਂ ਕਰ ਰਿਹਾ। ਅਜਿਹੀ ਸਥਿਤੀ ਵਿੱਚ ਪੰਜਾਬ ਵਿੱਚ ਨਿਵੇਸ਼ ਕਿੱਥੋਂ ਆਵੇਗਾ ਅਤੇ ਰੁਜ਼ਗਾਰ ਦੇ ਮੌਕੇ ਕਿਵੇਂ ਪੈਦਾ ਹੋਣਗੇ? ਲੋਕ ਹੁਣ ਭਾਜਪਾ ਸ਼ਾਸਤ ਰਾਜਾਂ ਜਿਵੇਂ ਕਿ ਗੁਜਰਾਤ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਅਤੇ ਹਰਿਆਣਾ ਵਿੱਚ ਤਰੱਕੀ ਦੇ ਨਵੇਂ ਮੀਲ ਪੱਥਰ ਦੇਖ ਰਹੇ ਹਨ ਅਤੇ ਉਨ੍ਹਾਂ ਨੂੰ ਪੂਰਾ ਵਿਸ਼ਵਾਸ ਹੈ ਕਿ ਭਾਜਪਾ ਹੀ ਹੁਣ ਪੰਜਾਬ ਦਾ ਭਵਿੱਖ ਹੈ ਅਤੇ ਪੰਜਾਬ ਦੇ ਮਾੜੇ ਹਾਲਾਤ ਵੀ ਭਾਜਪਾ ਹੀ ਸੁਧਾਰ ਸਕਦੀ ਹੈ। ਇਸ ਲਈ ਲੋਕਾਂ ਨੇ ਹੁਣ ਭਾਜਪਾ ਨੂੰ ਪੰਜਾਬ ਵਿੱਚ ਲਿਆਉਣ ਦਾ ਮਨ ਬਣਾ ਲਿਆ ਹੈ ਅਤੇ ਇਸ ਦੀ ਸ਼ੁਰੂਆਤ ਜਲੰਧਰ ਲੋਕ ਸਭਾ ਸੀਟ ਦੀ ਉਪ ਚੋਣ ਨਾਲ ਹੋਵੇਗੀ ਅਤੇ ਭਾਜਪਾ ਇਸ ਸੀਟ ਨੂੰ ਵੱਡੇ ਫਰਕ ਨਾਲ ਜਿੱਤੇਗੀ। ਜਨਤਾ ਭਾਰਤੀ ਜਨਤਾ ਪਾਰਟੀ ਨੂੰ ਬਦਲ ਵਜੋਂ ਦੇਖ ਰਹੀ ਹੈ ਅਤੇ ਇਸ ਵਾਰ ਜਲੰਧਰ ਦੀਆਂ ਲੋਕ ਸਭਾ ਚੋਣ ਵਿੱਚ ਭਾਜਪਾ ਉਮੀਦਵਾਰ ਨੂੰ ਜੇਤੂ ਬਣਾ ਕੇ ਲੋਕ ਸਭਾ ਵਿੱਚ ਭੇਜੇਗੀ ਅਤੇ ਪੰਜਾਬ ਵਿੱਚ 2024 ਦੀਆਂ ਲੋਕ ਸਭਾ ਚੋਣਾਂ ਦੀ ਚੋਣ ਜਿੱਤ ਦੀ ਸ਼ੁਰੂਆਤ ਕਰੇਗੀ। ਪਰਮਿੰਦਰ ਸਿੰਘ ਢੀਂਡਸਾ ਨੇ ਕਿਹਾ ਕਿ ਇਸ ਜ਼ਮਿਨੀ ਚੋਣ ਵਿਚ ਭਾਜਪਾ ਯਕੀਨੀ ਤੌਰ 'ਤੇ ਜਿੱਤ ਪ੍ਰਾਪਤ ਕਰੇਗੀ ਅਤੇ ਭਾਜਪਾ ਦਾ ਕਿਸੇ ਨਾਲ ਕੋਈ ਮੁਕਾਬਲਾ ਨਹੀਂ ਹੈ, ਕਿਉਂਕਿ ਲੋਕ ਹੁਣ ਭਾਜਪਾ ਨੂੰ ਪੰਜਾਬ ਦੀ ਸੱਤਾ ਵਿਚ ਲਿਆਉਣ ਦਾ ਮਨ ਬਣਾ ਚੁੱਕੇ ਹਨ। ਹੁਣ ਜਲੰਧਰ ਦੇ ਲੋਕ ਮਹਿਸੂਸ ਕਰ ਰਹੇ ਹਨ ਕਿ ਜੇਕਰ ਇਸ ਸੀਟ ਤੋਂ ਭਾਜਪਾ ਦੇ ਸੰਸਦ ਮੈਂਬਰ ਜਿੱਤ ਜਾਂਦੇ ਹਨ ਤਾਂ ਉਹ ਜਲੰਧਰ ਦੇ ਵਿਕਾਸ ਲਈ ਕੇਂਦਰ ਸਰਕਾਰ ਨਾਲ ਵਧੀਆ ਤਾਲਮੇਲ ਕਰਕੇ ਜਲੰਧਰ ਦਾ ਵਿਕਾਸ ਕਰਵਾ ਸਕਦੇ ਹਨ। ਕਿਉਂਕਿ ਪੰਜਾਬ ਦੀ ਮੌਜੂਦਾ ਭਗਵੰਤ ਮਾਨ ਸਰਕਾਰ ਨੇ ਪਿਛਲੇ ਇੱਕ ਸਾਲ ਦੌਰਾਨ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਜਲੰਧਰ ਦੇ ਵਿਕਾਸ ਲਈ ਭੇਜੇ ਫੰਡਾਂ ਦੀ ਵਰਤੋਂ



ਨਹੀਂ ਕੀਤੀ ਅਤੇ ਅੱਜ ਜਲੰਧਰ ਦੀ ਹਾਲਤ ਤਰਸਯੋਗ ਬਣ ਗਈ ਹੈ।

ਸੁਨੀਲ ਜਾਖੜ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਆਮ ਆਦਮੀ ਪਾਰਟੀ ਦੇ ਪੰਜਾਬ ਵਿੱਚ 92 ਵਿਧਾਇਕ ਹਨ ਪਰ ਫਿਰ ਵੀ ਮੁੱਖ ਮੰਤਰੀ ਭਗਵੰਤ ਮਾਨ ਦਾ ਸੰਗਰੂਰ ਲੋਕ ਸਭਾ ਸੀਟ ਹਾਰ ਜਾਣਾ ਮੁੱਖ ਮੰਤਰੀ ਭਗਵੰਤ ਮਾਨ ਅਤੇ ਉਨ੍ਹਾਂ ਦੀ ਪਾਰਟੀ ਲਈ ਬਹੁਤ ਹੀ ਸ਼ਰਮ ਵਾਲੀ ਗੱਲ ਹੈ। ਆਮ ਆਦਮੀ ਪਾਰਟੀ ਨੂੰ ਜਲੰਧਰ ਵਿੱਚ ਚੋਣ ਲੜਨ ਲਈ ਵੀ ਕੋਈ ਚਿਹਰਾ ਨਹੀਂ ਲੱਭ ਸਕਿਆ। ਆਮ ਆਦਮੀ ਪਾਰਟੀ ਨੂੰ ਕਿਉਂ ਇੱਕ ਕਾਂਗਰਸੀ ਨੂੰ ਆਪਣਾ ਉਮੀਦਵਾਰ ਬਣਾਉਣਾ ਪਿਆ ਅਤੇ ਉਹ ਵੀ ਚੋਣ ਹਾਰਿਆ ਹੋਇਆ? ਜਨਤਾ ਸਭ ਕੁਝ ਦੇਖ ਅਤੇ ਸਮਝ ਰਹੀ ਹੈ। ਭਾਜਪਾ ਨਿਸ਼ਚਿਤ ਤੌਰ 'ਤੇ ਜ਼ਮੀਨੀ ਪੱਧਰ 'ਤੇ ਬਹੁਤ ਮਜ਼ਬੂਤ ਹੈ ਅਤੇ ਇਸ ਨੇ ਇਸ ਚੋਣ ਵਿਚ ਪਾਰਟੀ ਦੇ ਛੋਟੇ ਤੋਂ ਛੋਟੇ ਵਰਕਰ ਅਤੇ ਵੱਡੇ ਨੇਤਾ ਦੀ ਡਿਊਟੀ ਲਗਾਈ ਹੈ ਅਤੇ ਪਾਰਟੀ ਇਹ ਚੋਣ ਬਹੁਤ ਹੀ ਮਜ਼ਬੂਤ ਰਣਨੀਤੀ ਨਾਲ ਲੜ ਰਹੀ ਹੈ। ਵਰਕਰਾਂ ਦੀ ਮਿਹਨਤ ਸਦਕਾ ਭਾਜਪਾ ਉਮੀਦਵਾਰ ਇੰਦਰ ਇਕਬਾਲ ਸਿੰਘ ਅਟਵਾਲ ਇਸ ਚੋਣ ਵਿਚ ਜਨਤਾ ਦੇ ਸਮਰਥਨ ਨਾਲ ਭਾਰੀ ਬਹੁਮਤ ਹਾਸਿਲ ਕਰ ਜਿੱਤ ਪ੍ਰਾਪਤ ਕਰਕੇ ਨਵਾਂ ਇਤਿਹਾਸ ਸਿਰਜਣ-ਗੇ ਹੰਸ ਰਾਜ ਹੰਸ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਅੱਜ ਦੇਸ਼ ਰੋਜ਼ ਨਵਾਂ ਇਤਿਹਾਸ ਲਿਖ ਰਿਹਾ ਹੈ। ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਰਤ ਦੁਨੀਆ ਦੇ ਵਿਕਸਤ ਦੇਸ਼ਾਂ ਨੂੰ ਪਿੱਛੇ ਛੱਡ ਕੇ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਅਰਥਵਿਵਸਥਾ ਵਾਲਾ ਦੇਸ਼ ਬਣ ਗਿਆ ਹੈ ਅਤੇ ਹੁਣ ਇਹ ਤੀਜਾ ਸਭ ਤੋਂ ਵੱਡਾ ਆਰਥਿਕਤਾ ਵਾਲਾ ਦੇਸ਼ ਬਣਨ ਦੇ ਨੇੜੇ ਹੈ। ਉਹਨਾਂ ਕਿਹਾ ਕਿ ਇਹ ਮੋਦੀ ਹੈ ਤੇ ਮੁਮਕਿਨ ਹੈ ਹੰਸ ਰਾਜ ਹੰਸ ਨੇ ਜਲੰਧਰ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਇੰਦਰ ਇਕਬਾਲ ਸਿੰਘ ਅਟਵਾਲ ਦੇ ਹੱਕ ਵਿਚ ਵੋਟ ਪਾ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਹੱਥ ਮਜ਼ਬੂਤ ਕਰਨ ਅਤੇ ਉਨ੍ਹਾਂ ਨੂੰ ਜਿਤਾ ਕੇ ਲੋਕ ਸਭਾ ਵਿਚ ਭੇਜਣ। ਇੰਦਰ ਇਕਬਾਲ ਸਿੰਘ ਅਟਵਾਲ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਭਰ ਵਿੱਚ ਵਿਕਾਸ ਦੀ ਧਾਰਾ ਵਗ ਰਹੀ ਹੈ ਅਤੇ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਸ਼ੁਰੂ ਕੀਤੀਆਂ ਲੋਕ ਭਲਾਈ ਨੀਤੀਆਂ ਦਾ ਲਾਭ ਹਰ ਘਰ ਤੱਕ ਪੁੱਜ ਰਿਹਾ ਹੈ। ਅਟਵਾਲ ਨੇ ਜਲੰਧਰ ਦੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਉਹ ਆਪਣੇ ਜ਼ਿਲ੍ਹੇ ਦੇ ਲੋਕਾਂ ਦੀ ਆਵਾਜ਼ ਲੋਕ ਸਭਾ ਵਿੱਚ ਬੁਲੰਦ ਕਰਨਗੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਦੇਸ਼ ਦੇ ਹੋਰਨਾਂ ਰਾਜਾਂ ਦੇ ਜ਼ਿਲ੍ਹਿਆਂ ਵਿੱਚ ਜੋ ਵਿਕਾਸ ਹੋ ਰਿਹਾ ਹੈ, ਅਜਿਹਾ ਜਲੰਧਰ ਵਿੱਚ ਵੀ ਵਿਕਾਸ ਹੋਵੇ ਉਸ ਲਈ ਉਨ੍ਹਾਂ ਵਲੋਂ ਇਹ ਪਹਿਲ ਦੇ ਆਧਾਰ 'ਤੇ ਹੋਵੇਗਾ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਉਹ ਜਨਤਾ ਦੀ ਸੇਵਾ ਲਈ ਤਤਪਰ ਰਹਿੰਦੇ ਸਨ ਅਤੇ ਹੁਣ ਵੀ ਉਨ੍ਹਾਂ ਦੀ ਸੇਵਾ ਲਈ ਹਮੇਸ਼ਾ ਤਤਪਰ ਨਜ਼ਰ ਆਉਣਗੇ। ਇਸ ਵਿਸ਼ਾਲ ਰੈਲੀ ਨੂੰ ਸੋਮ ਪ੍ਰਕਾਸ਼, ਮਨੋਰੰਜਨ ਕਾਲੀਆ ਸਮੇਤ ਹੋਰ ਆਗੂਆਂ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਮਨਜਿੰ-ਦਰ ਸਿੰਘ ਸਿਰਸਾ, ਵਿਨੋਦ ਚਾਵੜਾ, ਹੰਸ ਰਾਜ ਹੰਸ, ਅਵਿਨਾਸ਼ ਰਾਏ ਖੰਨਾ, ਸ਼ਵੇਤ ਮਲਿਕ, ਕੌਮੀ ਬੁਲਾਰੇ ਆਰ. ਪੀ. ਸਿੰਘ, ਸੂਬਾ ਜਨਰਲ ਸਕੱਤਰ ਜੀਵਨ ਗੁਪਤਾ, ਰਾਜੇਸ਼ ਬਾਗਾ, ਬਿਕਰਮਜੀਤ ਸਿੰਘ ਚੀਮਾ ਅਤੇ ਮੋਨਾ ਜੈਸਵਾਲ, ਮੀਤ ਪ੍ਰਧਾਨ ਡਾ: ਰਾਜ ਕੁਮਾਰ ਵੇਰਕਾ, ਡਾ. ਫਤਿਹਜੰਗ ਸਿੰਘ ਬਾਜਵਾ, ਰਾਕੇਸ਼ ਰਾਠੌਰ, ਮਨਪ੍ਰੀਤ ਬਾਦਲ, ਡਾ: ਸੁਭਾਸ਼ ਸ਼ਰਮਾ, ਮਨੋਰੰਜਨ ਕਾਲੀਆ, ਤੀਕਸ਼ਨ ਸੂਦ, ਜੈਵੀਰ ਸ਼ੇਰਗਿੱਲ, ਬੀਬੀ ਜੈਇੰਦਰ ਕੌਰ ਆਦਿ ਸਮੇਤ ਸੂਆਬੀ ਅਤੇ ਜ਼ਿਲ੍ਹਾ ਲੀਡਰਸ਼ਿਪ ਵੀ ਹਾਜ਼ਰ ਸਨ।

# ਪਰਿਵਾਰਕ ਰਿਸ਼ਤਿਆਂ ਦਾ ਮੋਹ ਪਿਆਰ ਭੰਗ ਕਰ ਦਿੱਤਾ ਮੋਬਾਈਲਾਂ ਨੇ

ਅੱਜ ਦਾ ਯੁੱਗ ਭਾਵੇ ਵਿਗਿਆਨ ਦਾ ਯੁੱਗ ਹੈ। ਦੁਨੀਆਂ ਨੇ ਬਹੁਤ ਤੱਰਕੀ ਕਰ ਲਈ ਹੈ।ਪਰ ਅਜੋਂਕੇ ਸਮੇਂ ਦੀ ਗੱਲ ਕੀਤੀ ਜਾਵੇ ਤਾਂ ਅੱਜ ਦੇ ਸਮੇਂ ਵਿੱਚ ਵਿੱਚ ਵੱਧ ਰਹੇ ਵਿਗਿਆਨ ਦੇ ਯੁੱਗ ਨੇ ਲੋਕਾਂ ਦਾ ਆਪਸੀ ਮੋਹ ਪਿਆਰ ਦਾ ਰਿਸ਼ਤਾ ਬਿਲਕੁਲ ਖਤਮ ਕਰ ਦਿੱਤਾ ਹੈ। ਜੇਕਰ ਮੋਬਾਈਲ ਦੀ ਗੱਲ ਕੀਤੀ ਜਾਵੇ ਤਾਂ ਅੱਜ ਦੇ ਸਮੇਂ ਵਿੱਚ ਮੋਬਾਇਲ ਨੇ ਰਿਸ਼ਤੇਦਾਰਾਂ ਤੋਂ ਲੈਕੇ ਘਰ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਇੱਕ ਦੂਜੇ ਤੋਂ ਦੂਰ ਕਰ ਦਿੱਤਾ ਹੈ। ਕੋਈ ਸਮਾਂ ਸੀ ਜਦੋਂ ਸ਼ਾਮ ਸਵੇਰੇ ਪਰਿਵਾਰ ਦੇ ਸਾਰੇ ਜੀਅ ਇੱਕ ਜਗ੍ਹਾ ਇਕੱਠੇ ਬੈਠ ਦੇ ਸੀ ਅਤੇ ਘਰ ਦੇ ਪਰਿਵਾਰਕ ਕੰਮਾਂ ਕਾਰਾਂ ਬਾਰੇ ਵਿਚਾਰ ਵਟਾਂਦਰਾ ਸਾਂਝਾ ਕਰਦੇ ਸੀ। ਮੋਬਾਈਲ ਲੋਕਾਂ ਦੇ ਸੁੱਖ ਦਾ ਸਾਧਨ ਤਾਂ ਜ਼ਰੂਰ ਬਣ ਗਿਆ ਹੈ ਪਰ ਇਸ ਮੋਬਾਇਲ ਦੀ ਚੰਦਰੀ ਬੀਮਾਰੀ ਨੇ ਆਪਸੀ ਦਿਲਾਂ ਦੀ ਸਾਂਝ ਖ਼ਤਮ ਕਰ ਦਿੱਤੀ ਹੈ। ਘਰ ਕੋਈ ਜੀਅ ਇੱਕ



ਦੂਜੇ ਨਾਲ ਬੈਠ ਕੇ ਸਲਾਹ ਮਸ਼ਵਰਾ ਨਹੀ ਕਰਦਾ ਸਗੋਂ ਘਰਾਂ ਵਿੱਚ ਜਿੰਨੇ ਵੀ ਮੈਂਬਰ ਹੈ ਉਹ ਆਪੋ ਆਪਣੇ ਮੋਬਾਇਲ ਹੱਥਾਂ ਵਿੱਚ ਫੜ ਬੱਸ ਉਂਗਲਾਂ ਨਾਲ ਟੱਕ ਟੱਕ ਕਰਦੇ ਹੀ ਨਜ਼ਰ ਆਉਂਦੇ ਹਨ। ਕੋਈ ਸਮਾਂ ਹੁੰਦਾ ਸੀ। ਸ਼ਾਮ ਨੂੰ ਜਦੋਂ ਘਰ ਦੇ ਸਾਰੇ ਜੀਅ ਇੱਕਠੇ ਹੁੰਦੇ ਸੀ ਤਾਂ ਘਰਾਂ ਵਿੱਚ ਬੈਠੇ ਵੱਡ ਵਡੇਰੇ ਸਾਰਿਆਂ ਤੋਂ ਪੁੱਛ ਦੇ ਸੀ ਅੱਜ ਕੀ ਕੀ ਕੰਮ ਕਾਰ ਕੀਤਾ ਗਿਆ ਹੈ।ਕੀ ਕਿਸੇ ਨੂੰ ਦਿੱਤਾ ਹੈ ਤੇ ਕੀ ਕਿਸੇ ਨੂੰ ਦੇਣਾ ਹੈ।ਇਹ ਸਭ ਕੁੱਝ ਦੀ ਸਾਂਝ ਮੋਬਾਇਲ ਫੋਨ ਨੇ ਖਤਮ ਕਰ ਦਿੱਤੀ ਹੈ। ਹੁਣ ਕਿਸੇ ਕੋਲ ਟਾਈਮ ਨਹੀਂ ਹੈ ਕਿ ਕੋਈ ਪੁੱਤ ਭਾਵੇਂ ਧੀ ਹੋਵੇ ਜੋ ਆਪਣੇ ਮਾਂ ਪਿਉ ਨਾਲ ਬੈਠ ਕੇ ਦੁੱਖ ਸੁੱਖ ਸਾਂਝੇ ਕਰ ਸਕਣ। ਬੱਸ ਸਭ ਦਾ ਧਿਆਨ ਸਿਰਫ ਤੇ ਸਿਰਫ ਮੋਬਾਇਲ ਫੋਨ ਵੱਲ ਹੀ ਹੁੰਦਾ ਹੈ। ਭਾਵੇ ਡਾਕਟਰ ਲੋਕ ਰੋਜ਼ਾਨਾ ਲੋਕਾਂ ਨੂੰ ਹਦਾਇਤ ਕਰਦੇ ਹਨ ਕਿ ਮੋਬਾਇਲ ਫੋਨ ਦੀ ਵਰਤੋਂ ਘੱਟ ਤੋਂ ਘੱਟ ਕੀਤੀ ਜਾਵੇ।

ਅੱਜ ਦੇ ਸਮੇਂ ਵਿੱਚ ਲੋਕਾਂ ਦੀ ਸਿਰਦਰਦੀ ਦਾ, ਲੜਾਈ, ਝਗੜਿਆਂ ਦਾ, ਅਨੇਕਾਂ ਪ੍ਰਕਾਰ ਦੀਆਂ ਬੀਮਾਰੀਆਂ ਦਾ ਕਾਰਨ ਬਣ ਚੁੱਕਾ ਹੈ ਇਹ ਮੋਬਾਇਲ ਫੋਨ ਇਸ ਨੂੰ ਦੇਖਣ ਨਾਲ ਜਿਹੋ ਜਿਹਾ ਅਸਰ ਇਨਸਾਨ ਦੇ ਮਨ ਤੇ ਪੈਦਾ ਹੈ ਉਹ ਉਹੋ ਜਿਹਾ ਹੀ ਕੰਮ ਕਰਦਾ ਹੈ। ਅਨੇਕਾਂ ਪ੍ਰਕਾਰ ਦੀਆਂ ਬੀਮਾਰੀਆਂ ਦਾ ਕਾਰਨ ਹੈ ਇਹ ਮੋਬਾਇਲ ਫੋਨ। ਪੁਰਾਣੇ ਸਮੇਂ ਵਿੱਚ ਸਿਆਣੇ ਲੋਕ ਇੱਕ ਦੂਜੇ ਕੋਲ਼ ਬੈਠਦੇ ਹਨ ਤੇ ਆਪੋ ਆਪਣਾ ਦੁੱਖ ਸੁੱਖ ਸਾਂਝਾ ਕਰਦੇ ਸੀ ਕਿਸੇ ਨੂੰ ਕੋਈ ਦੁੱਖ ਤਕਲੀਫ ਹੁੰਦੀ ਸੀ ਤਾਂ ਉਸ ਦਾ ਪਤਾ ਲੱਗ ਜਾਂਦਾ ਸੀ। ਫਿਰ ਇਕੱਠੇ ਹੋ ਕੇ ਉਸ ਦਾ ਹੱਲ ਲੱਭ ਲੈਂਦੇ ਸੀ। ਹੁਣ ਬੱਸ ਦਿਲਾਂ ਦੀ ਸਾਂਝ ਖ਼ਤਮ ਹੋ ਗਈ ਹਰੇਕ ਆਦਮੀ ਨੂੰ ਉਸ ਦਾ ਅੰਦਰਲਾ ਮਨ ਦਾ ਝੋਉਰਾ ਅੰਦਰੋਂ ਅੰਦਰ ਹੀ ਖਤਮ ਕਰ ਦੇਂਦਾ ਹੈ। ਹੁਣ ਨਾ ਕਿਸੇ ਨੂੰ ਇਹ ਮੋਬਾਇਲ ਫੋਨ ਤੋਂ ਵਹਿਲ ਮਿਲ ਦੀ ਹੈ ਤੇ ਨਾ ਹੀ ਕੋਈ ਕਿਸੇ ਕੋਲ ਕਿਸੇ ਦਾ ਦੁੱਖ ਸੁੱਖ ਪੁੱਛਣ ਦਾ ਟਾਈਮ ਹੈ। ਇਸ ਕਰਕੇ ਖਾਸ ਕਰਕੇ ਸਾਡੇ ਵੱਡ ਵਡੇਰੇ ਦਿਲਾਂ ਦੀਆਂ ਪੀੜਾਂ ਦਿਲਾਂ ਵਿੱਚ ਹੀ ਲੈਕੇ ਤੁਰ ਜਾਂਦੇ ਹਨ। ਬੱਸ ਸਾਡੇ ਪਰਿਵਾਰਾਂ ਦਾ ਮੋਹ ਪਿਆਰ ਭੰਗ ਕਰ ਦਿੱਤਾ ਇਸ ਚੰਦਰੇ ਮੋਬਾਇਲ ਫੋਨ ਨੇ।



**ਜਸਵਿੰਦਰ ਸਿੰਘ ਬਰਾੜ ਸਾਧਾਂਵਾਲਾ**

www.lokbani.com
Email : Lokbani08@gmail.com

# ਭਾਰਤ ਵਿੱਚ ਪੇਂਡੂ ਸਿੱਖਿਆ

ਸਿੱਖਿਆ ਵਿਆਪਕ ਸੰਸਾਰ ਦਾ ਦਰਵਾਜ਼ਾ ਹੈ। ਸਿੱਖਿਆ ਸਾਨੂੰ ਜੀਵਨ ਪ੍ਰਤੀ ਬਿਹਤਰ ਦ੍ਰਿਸ਼ਟੀਕੋਣ ਬਣਾਉਣ ਦੇ ਨਾਲ-ਨਾਲ ਜੀਵਨ ਪ੍ਰਤੀ ਚੁਸਤ ਦ੍ਰਿਸ਼ਟੀਕੋਣ ਲਈ ਸਮਰੱਥ ਬਣਾਉਂਦੀ ਹੈ ਅਤੇ ਪੇਂਡੂ ਬੁਨਿਆਦੀ ਢਾਂਚੇ 'ਤੇ ਇੱਕ ਪ੍ਰਦਰਸ਼ਨੀ ਇਸ ਗੱਲ ਦੇ ਮੁਲਾਂਕਣ ਤੋਂ ਬਿਨਾਂ ਅਧੂਰੀ ਹੈ ਕਿ ਅਸੀਂ ਕਿਸ ਹੱਦ ਤੱਕ ਇਹ ਦਰਵਾਜ਼ਾ ਪੰਜਾਬ ਦੇ ਬੱਚਿਆਂ ਲਈ ਖੋਲ੍ਹਣ ਦੇ ਯੋਗ ਹੋਏ ਹਾਂ। ਪੇਂਡੂ ਭਾਰਤ। ਸਿੱਖਿਆ, ਜਿਵੇਂ ਕਿ ਅਸੀਂ ਸਾਰੇ ਜਾਣਦੇ ਹਾਂ, ਬਹੁਤ ਮਹੱਤਵਪੂਰਨ ਹੈ। ਸਿੱਖਿਆ ਕੇਵਲ ਪੇਸ਼ੇਵਰ ਉਦੇਸ਼ ਲਈ ਹੀ ਨਹੀਂ, ਸਗੋਂ ਵਿਅਕਤੀਆਂ ਦੇ ਮਾਨਸਿਕ ਵਿਕਾਸ ਲਈ ਵੀ ਜ਼ਰੂਰੀ ਹੈ। ਸਹੀ ਸਿੱਖਿਆ ਤੋਂ ਬਿਨਾਂ, ਅੱਜ ਦੇ ਆਧੁਨਿਕ ਸੰਸਾਰ ਵਿੱਚ ਇੱਕ ਵਿਅਕਤੀ ਲਈ ਜਿਉਂਦਾ ਰਹਿਣਾ ਬਹੁਤ ਮੁਸ਼ਕਲ ਹੈ। ਇਹ ਇੱਕ ਤੱਥ ਹੈ ਕਿ ਭਾਰਤ ਦੀ ਬਹੁਗਿਣਤੀ ਆਬਾਦੀ ਅਜੇ ਵੀ ਪਿੰਡਾਂ ਵਿੱਚ ਰਹਿੰਦੀ ਹੈ ਅਤੇ ਇਸ ਲਈ ਭਾਰਤ ਵਿੱਚ ਪੇਂਡੂ ਸਿੱਖਿਆ ਦਾ ਵਿਸ਼ਾ ਬਹੁਤ ਮਹੱਤਵਪੂਰਨ ਹੈ। ਪੇਂਡੂ ਲੋਕਾਂ ਵਿੱਚ ਸਿੱਖਿਆ ਲਈ ਸਰਕਾਰ ਵੱਲੋਂ ਬਹੁਤ ਸਾਰੇ ਪ੍ਰਬੰਧ ਕੀਤੇ ਜਾ ਰਹੇ ਹਨ। ਹਾਲਾਂਕਿ, ਵੱਡਾ ਸਵਾਲ ਇਹ ਹੈ ਕਿ ਕੀ ਪੇਂਡੂ ਭਾਰਤੀ ਸਿੱਖਿਆ ਦੀ ਪ੍ਰਗਤੀ ਦਾ ਮੁਲਾਂਕਣ ਕਰਨ ਲਈ ਦਾਖਲਾ ਅਤੇ ਹਾਜ਼ਰੀ ਸਹੀ ਮਾਪਦੰਡ ਹੈ ਅਤੇ ਇਸ ਤੱਥ ਨੂੰ ਵੇਖਣ ਦੀ ਜ਼ਰੂਰਤ ਹੈ ਕਿ ਕੀ ਨੰਬਰਾਂ ਦੀ ਖੋਜ ਵਿੱਚ ਸਿੱਖਿਆ ਦੀ ਗੁਣਵੱਤਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਰਿਹਾ ਹੈ। ਅੱਜ ਕੱਲ੍ਹ ਚਿੰਤਾ ਦਾ ਮੁੱਖ ਵਿਸ਼ਾ ਦਾਖਲੇ ਦੇ ਅੰਕੜੇ ਨਹੀਂ, ਸਗੋਂ ਪੇਂਡੂ ਭਾਰਤ ਵਿੱਚ ਦਿੱਤੀ ਜਾਂਦੀ ਸਿੱਖਿਆ ਦੀ ਗੁਣਵੱਤਾ ਹੈ। ਐਨੂਅਲ ਸਟੇਟਸ ਆਫ਼ ਐਜੂਕੇਸ਼ਨ ਰਿਪੋਰਟ (ਏ.ਐੱਸ.ਈ.ਆਰ.) ਨਾਮਕ ਇੱਕ ਸਰਵੇਖਣ ਦਰਸਾਉਂਦਾ ਹੈ ਕਿ ਭਾਵੇਂ ਸਕੂਲਾਂ ਵਿੱਚ ਜਾਣ ਵਾਲੇ ਪੇਂਡੂ ਵਿਦਿਆਰਥੀਆਂ ਦੀ ਗਿਣਤੀ ਵੱਧ ਰਹੀ ਹੈ, ਪਰ ਪੰਜਵੀਂ ਜਮਾਤ ਦੇ ਅੱਧੇ ਤੋਂ ਵੱਧ ਵਿਦਿਆਰਥੀ ਦੂਜੇ ਦਰਜੇ ਦੀ ਪਾਠ ਪੁਸਤਕ ਪੜ੍ਹਨ ਵਿੱਚ ਅਸਮਰੱਥ ਹਨ। ਸਧਾਰਨ ਗਣਿਤ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਅਤੇ ਜਾਗਰੂਕਤਾ ਦਾ ਆਮ ਪੱਧਰ ਵੀ ਨਹੀਂ ਸੀ। ਇਸ ਤੋਂ ਇਲਾਵਾ, ਗਣਿਤ ਦਾ ਪੱਧਰ ਅਤੇ ਅੰਗਰੇਜ਼ੀ ਦੇ ਨਾਲ-ਨਾਲ ਹਿੰਦੀ ਵਿਚ ਪੜ੍ਹਨ ਦਾ ਪੱਧਰ ਹੋਰ ਵੀ ਘਟਦਾ ਜਾ ਰਿਹਾ ਹੈ ਜੋ ਸਪੱਸ਼ਟ ਤੌਰ 'ਤੇ ਸਾਡੀ ਪੇਂਡੂ ਸਿੱਖਿਆ ਦੇ ਪੱਧਰ ਨੂੰ ਦਰਸਾਉਂਦਾ ਹੈ। ਹਾਲਾਂਕਿ ਕਈ ਸਰਕਾਰੀ ਅਤੇ ਗੈਰ-ਸਰਕਾਰੀ ਸਮੂਹਾਂ ਦੁਆਰਾ ਕਈ ਹੋਰ ਸਰਵੇਖਣ ਵੀ ਕਰਵਾਏ ਗਏ ਹਨ, ਪਰ ਨਤੀਜੇ ਉਹੀ ਪਾਏ ਗਏ ਹਨ। ਸਰਕਾਰ ਵੱਲੋਂ ਭਾਵੇਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ ਪਰ ਸਮੱਸਿਆ ਇਹ ਹੈ ਕਿ ਉਹ ਸਹੀ ਦਿਸ਼ਾ ਵਿੱਚ ਨਹੀਂ ਹਨ। ਅਜਿਹੇ ਵਿਹਾਰ ਦੇ ਕਾਰਨ ਬਹੁਤ ਸਾਰੇ ਹਨ. ਅਧਿਆਪਕਾਂ ਦੀ ਮਾੜੀ ਹਾਜ਼ਰੀ, ਬੁਨਿਆਦੀ ਢਾਂਚੇ ਦੀ ਘਾਟ ਦੇ ਨਾਲ-ਨਾਲ ਸਰਕਾਰੀ ਅਧਿਆਪਕਾਂ ਦੀ ਰੁਚੀ ਪੇਂਡੂ ਪੱਧਰ 'ਤੇ ਮਾੜੀ ਸਿੱਖਿਆ ਦੇ ਕੁਝ ਕਾਰਨ ਹਨ। ਸਿੱਖਿਆ ਅਤੇ ਪੇਂਡੂ ਭਾਰਤ ਬਾਕੀ ਭਾਰਤ ਦੀ ਤੁਲਨਾ ਵਿਚ ਸਿੱਖਿਆ ਦੇ ਪੱਧਰ ਦੇ ਨਾਲ-ਨਾਲ ਵਿਦਿਅਕ ਮੌਕਿਆਂ ਵਿਚ ਬਹੁਤ ਅੰਤਰ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਪੇਂਡੂ ਖੇਤਰ ਦੇ ਅਧਿਆਪਕ ਵੀ ਪੱਧਰ ਦੀ ਸਿੱਖਿਆ ਪ੍ਰਤੀ ਘੱਟ ਤੋਂ ਘੱਟ ਸਰੋਕਾਰ ਰੱਖਦੇ ਹਨ। ਅਜਿਹਾ ਨਹੀਂ ਹੈ ਕਿ ਸਾਡੇ ਸ਼ਹਿਰਾਂ ਦੇ ਬੱਚਿਆਂ ਅਤੇ ਸਾਡੇ ਪਿੰਡਾਂ ਦੇ ਬੱਚਿਆਂ ਨੂੰ ਵੱਖੋ-ਵੱਖਰੀਆਂ ਗੱਲਾਂ ਸਿਖਾਈਆਂ ਜਾਂਦੀਆਂ ਹਨ। ਪਾਠਕ੍ਰਮ ਸਪੱਸ਼ਟ ਤੌਰ 'ਤੇ ਇੱਕੋ ਮਿਆਰ ਦਾ ਹੋਣਾ ਚਾਹੀਦਾ ਹੈ। ਪਰ ਸਮੱਸਿਆ ਇਹ ਹੈ ਕਿ ਜਦੋਂ ਭਾਰਤ ਵਿੱਚ ਰਸਮੀ ਸਿੱਖਿਆ ਦਾ ਸੰਕਲਪ ਸ਼ੁਰੂ ਹੋਇਆ ਸੀ, ਉਦੋਂ ਤੋਂ ਹੀ ਇਨ੍ਹਾਂ ਖੇਤਰਾਂ ਵਿੱਚ ਸਿੱਖਿਆ ਦੇ ਪੱਧਰ ਨੂੰ ਨਜ਼ਰਅੰਦਾਜ਼ ਕੀਤਾ ਗਿਆ ਸੀ। ਅਤੇ ਉਹ ਲਾਪਰਵਾਹੀ ਅਜੇ ਵੀ ਪ੍ਰਚਲਿਤ ਹੈ ਅਤੇ ਪੇਂਡੂ ਭਾਰਤ ਵਿੱਚ ਅਧਿਆਪਕ ਕਿਸੇ ਵੀ ਸੁਧਾਰ ਲਈ ਘੱਟ ਤੋਂ ਘੱਟ ਚਿੰਤਤ ਹਨ। ਇਹ ਸਮਝਣਾ ਅਕਲਮੰਦੀ ਦੀ ਗੱਲ ਹੋਵੇਗੀ ਕਿ ਵੱਖੋ-ਵੱਖਰੇ ਸੰਦਰਭਾਂ ਨੇ ਵੱਖ-ਵੱਖ ਅੰਦਰੂਨੀ ਹੁਨਰਾਂ ਅਤੇ ਯੋਗਤਾਵਾਂ ਨੂੰ ਉਤਸ਼ਾਹਿਤ ਕੀਤਾ ਹੈ। ਪੇਂਡੂ ਬੱਚਿਆਂ ਦੀ ਸ਼ੁਰੂਆਤੀ ਪਰਵਰਿਸ਼ ਵਿੱਚ ਵੱਖ-ਵੱਖ ਹੁਨਰਾਂ 'ਤੇ ਜ਼ੋਰ ਦਿੱਤਾ ਜਾਵੇਗਾ। ਕਿਉਂਕਿ ਉਨ੍ਹਾਂ ਦੀ ਪਰਵਰਿਸ਼ ਅਸਲ ਵਿੱਚ ਸ਼ਹਿਰੀ ਬੱਚਿਆਂ ਨਾਲੋਂ ਵੱਖਰੀ ਹੈ, ਇਸ ਲਈ ਪੇਂਡੂ ਅਤੇ ਸ਼ਹਿਰੀ ਬੱਚਿਆਂ ਦੀਆਂ ਯੋਗਤਾਵਾਂ ਦੀ ਤੁਲਨਾ ਕਰਨਾ ਅਸਲ ਵਿੱਚ ਬੇਇਨਸਾਫ਼ੀ ਹੋਵੇਗੀ। ਅਸਲ ਵਿੱਚ, ਬਿੰਦੂ ਇਹ ਹੈ ਕਿ ਇਹਨਾਂ ਪੇਂਡੂ ਬੱਚਿਆਂ ਨੂੰ ਇੱਕ ਵੱਖਰੀ ਗੁਣਾਤਮਕ ਅਧਾਰਲਾਈਨ ਤੋਂ ਸ਼ੁਰੂ ਕਰਨਾ ਪੈਂਦਾ ਹੈ। ਨਾ ਸਿਰਫ਼ ਵਿਦਿਆਰਥੀ ਅਤੇ ਉਨ੍ਹਾਂ ਦੀਆਂ ਆਮ ਯੋਗਤਾਵਾਂ ਹਨ, ਸਗੋਂ ਸਿੱਖਿਆ ਦਾ ਮਾਹੌਲ ਵੀ ਬਹੁਤ ਬਦਲਦਾ ਹੈ। ਦਾ ਇੱਕ ਬਹੁਤ ਸਾਰਾ ਹੈਮੌਕਿਆਂ ਦੀਆਂ ਸ਼ਰਤਾਂ ਵਿੱਚ ਅੰਤਰ; ਬੁਨਿਆਦੀ ਢਾਂਚਾ ਅਤੇ ਮਾਨਸਿਕਤਾ। ਬਹੁਤ ਸਾਰੇ ਪੇਂਡੂ ਸਕੂਲਾਂ ਦੀਆਂ ਇਮਾਰਤਾਂ ਘੱਟ ਮਜ਼ਬੂਤ ਹੁੰਦੀਆਂ ਹਨ, ਮੌਸਮੀ ਭਿੰਨਤਾਵਾਂ ਦੇ ਨਾਲ ਪਹੁੰਚ ਵਿੱਚ ਸਮੱਸਿਆਵਾਂ, ਅਤੇ ਗਿਆਨ ਕੇਂਦਰਾਂ ਦੀ ਇੱਕ ਸੀਮਾ ਤੱਕ ਘੱਟ ਪਹੁੰਚ ਹੁੰਦੀ ਹੈ ਭਾਵੇਂ ਉਹਨਾਂ ਕੋਲ ਵਧੀਆ ਅਧਿਆਪਕ ਹਨ। ਇਹ ਸਮੱਸਿਆਵਾਂ ਅਜਿਹੀਆਂ ਨਹੀਂ ਹਨ ਜੋ ਅਸੀਂ ਨਹੀਂ ਜਾਣਦੇ ਹਾਂ। ਸਾਡੇ ਪੇਂਡੂ ਸਕੂਲਾਂ ਦੀਆਂ ਇਨ੍ਹਾਂ ਸਮੱਸਿਆਵਾਂ ਵਿੱਚੋਂ ਬਹੁਤੀਆਂ ਜਾਣੂ ਹਨ। ਹਰ ਕੋਈ ਜਾਣਦਾ ਹੈ ਕਿ ਕੁਝ ਬੁਨਿਆਦੀ ਸਮੱਸਿਆਵਾਂ ਜਿਵੇਂ ਕਿ ਨਾਕਾਫ਼ੀ ਬੁਨਿਆਦੀ ਢਾਂਚਾ - ਠੋਸ



ਕੰਧਾਂ ਅਤੇ ਇੱਕ ਛੱਤ ਜੋ ਲੀਕ ਨਹੀਂ ਹੁੰਦੀ ਹੈ, ਪੇਂਡੂ ਵਿਦਿਆਰਥੀਆਂ ਲਈ ਇੱਕ ਦੂਰ ਦਾ ਸੁਪਨਾ ਹੈ। ਜ਼ਿਆਦਾਤਰ ਕੋਲ ਪਖਾਨੇ ਜਾਂ ਭਰੋਸੇਯੋਗ ਬਿਜਲੀ ਨਹੀਂ ਹੈ। ਅਧਿਆਪਨ ਸਾਜ਼ੋ-ਸਾਮਾਨ ਇੱਕ ਮੂਲ ਬਲੈਕਬੋਰਡ ਅਤੇ ਚਾਕ ਤੱਕ ਸੀਮਿਤ ਹੈ, ਅਤੇ ਪਾਠ-ਪੁਸਤਕਾਂ ਹਮੇਸ਼ਾ ਸਮੇਂ 'ਤੇ ਵਿਦਿਆਰਥੀਆਂ ਤੱਕ ਨਹੀਂ ਪਹੁੰਚਦੀਆਂ ਹਨ। ਇਹ ਸਾਰੇ ਉਹ ਕਾਰਨ ਹਨ ਜੋ ਪੇਂਡੂ ਖੇਤਰ ਵਿੱਚ ਸਿੱਖਿਆ ਦੇ ਹੇਠਲੇ ਪੱਧਰ ਦੇ ਕੁਝ ਕਾਰਨ ਹਨ। ਪੇਂਡੂ ਭਾਰਤ ਵਿੱਚ ਸਿੱਖਿਆ ਦੇ ਪੱਧਰ ਨੂੰ ਲਗਾਤਾਰ ਨੀਵਾਂ ਕਰਨ ਲਈ ਕਈ ਹੋਰ ਕਾਰਨ ਵੀ ਜ਼ੰਮੇਵਾਰ ਹਨ। ਸਾਡੇ ਪੇਂਡੂ ਸਰਕਾਰੀ ਸਕੂਲਾਂ ਵਿੱਚੋਂ ਇੱਕ ਤਿਹਾਈ ਤੋਂ ਵੱਧ ਵਿੱਚ ਪੂਰੇ ਸਕੂਲ ਲਈ ਇੱਕ ਹੀ ਅਧਿਆਪਕ



**ਵਿਜੈ ਗਰਗ**
**ਰਿਟਾਇਰਡ ਪ੍ਰਿੰਸੀਪਲ ਐਜੂਕੇਸ਼ਨਲ ਕਾਲਮਨਿਸਟ ਮਲੋਟ ਪੰਜਾਬ**

ਹੈ। ਇਸਦਾ ਮਤਲਬ ਹੈ ਕਿ ਜੇਕਰ ਅਧਿਆਪਕ ਬਿਮਾਰ ਜਾਂ ਗੈਰਹਾਜ਼ਰ ਹੈ, ਤਾਂ ਸਕੂਲ ਬੰਦ ਹੈ। ਇਸਦਾ ਇਹ ਵੀ ਮਤਲਬ ਹੈ ਕਿ ਹਰ ਕਲਾਸਰੂਮ ਨਾ ਸਿਰਫ ਇੱਕ ਬਹੁ-ਯੋਗਤਾ ਵਾਲਾ ਕਲਾਸਰੂਮ ਹੈ, ਹਰੇਕ ਕਲਾਸਰੂਮ ਵਿੱਚ ਉਹ ਵਿਦਿਆਰਥੀ ਹੁੰਦੇ ਹਨ ਜਿਨ੍ਹਾਂ ਨੂੰ ਵੱਖ-ਵੱਖ ਪਾਠ-ਪੁਸਤਕਾਂ ਦੇ ਨਾਲ ਵੱਖ-ਵੱਖ ਗ੍ਰੇਡਾਂ/ਸਟੈਂਡਰਡਾਂ ਵਿੱਚ ਪੜ੍ਹਨਾ ਚਾਹੀਦਾ ਹੈ। ਗ੍ਰਾਮੀਣ ਭਾਰਤ ਅਤੇ ਸਰਕਾਰ ਭਾਰਤ ਵਿੱਚ ਚੀਨ ਤੋਂ ਬਾਅਦ ਦੂਜੀ ਸਭ ਤੋਂ ਵੱਡੀ ਸਿੱਖਿਆ ਪ੍ਰਣਾਲੀ ਹੈ। ਭਾਰਤ ਨੇ ਸਿੱਖਿਆ ਨੂੰ ਲੋਕਾਂ ਵਿੱਚ ਸਮਾਜਿਕ ਤਬਦੀਲੀ ਲਿਆਉਣ ਦਾ ਸਭ ਤੋਂ ਵਧੀਆ ਤਰੀਕਾ ਮੰਨਿਆ। 1947 ਵਿੱਚ ਆਜ਼ਾਦੀ ਮਿਲਣ ਤੋਂ ਤੁਰੰਤ ਬਾਅਦ, ਸਾਰਿਆਂ ਲਈ ਸਿੱਖਿਆ ਉਪਲਬਧ ਕਰਵਾਉਣਾ ਸਰਕਾਰ ਦੀ ਤਰਜੀਹ ਬਣ ਗਈ ਸੀ ਅਤੇ ਸਰਕਾਰ ਨੇ ਦੇਸ਼ ਵਿੱਚ ਸਿੱਖਿਆ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਵੱਖ-ਵੱਖ ਯੋਜਨਾਵਾਂ ਸ਼ੁਰੂ ਕੀਤੀਆਂ, ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ। ਸਰਕਾਰ ਨੇ ਦੇਸ਼ ਦੇ ਸਿੱਖਿਆ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਮੁਫਤ ਅਤੇ ਲਾਜ਼ਮੀ ਸਿੱਖਿਆ ਪ੍ਰਦਾਨ ਕਰਨ ਅਤੇ ਸਰਵ ਸਿੱਖਿਆ ਅਭਿਆਨ ਵਰਗੀਆਂ ਹੋਰ ਬਹੁਤ ਸਾਰੀਆਂ ਯੋਜਨਾਵਾਂ ਪ੍ਰਦਾਨ ਕਰਨ ਲਈ ਸਿੱਖਿਆ ਦਾ ਅਧਿਕਾਰ ਕਾਨੂੰਨ (ਆਰ.ਟੀ.ਈ.) ਲਿਆਂਦਾ ਹੈ। ਸਰਕਾਰ ਦੇਸ਼ ਵਿੱਚ ਸਿੱਖਿਆ ਨੂੰ ਲੈ ਕੇ ਸੱਚਮੁੱਚ ਗੰਭੀਰ ਹੈ ਪਰ ਫਿਰ ਵੀ ਇਸ ਦੇ ਰਾਹ ਵਿੱਚ ਕਈ ਰੁਕਾਵਟਾਂ ਹਨ। ਕੁਝ ਝਟਕਿਆਂ ਦੇ ਬਾਵਜੂਦ, ਪੇਂਡੂ ਸਿੱਖਿਆ ਪ੍ਰੋਗਰਾਮ 1950 ਦੇ ਦਹਾਕੇ ਦੌਰਾਨ, ਨਿੱਜੀ ਸੰਸਥਾਵਾਂ ਦੇ ਸਮਰਥਨ ਨਾਲ ਵੀ ਜਾਰੀ ਰਹੇ। ਜਦੋਂ ਗਾਂਧੀ ਗ੍ਰਾਮ ਗ੍ਰਾਮੀਣ ਸੰਸਥਾ ਦੀ ਸਥਾਪਨਾ ਕੀਤੀ ਗਈ ਸੀ ਅਤੇ ਭਾਰਤ ਵਿੱਚ 200 ਕਮਿਊਨਿਟੀ ਡਿਵੈਲਪਮੈਂਟ ਬਲਾਕ ਸਥਾਪਤ ਕੀਤੇ ਗਏ ਸਨ, ਉਦੋਂ ਤੱਕ ਪੇਂਡੂ ਸਿੱਖਿਆ ਦਾ ਇੱਕ ਵੱਡਾ ਨੈੱਟਵਰਕ ਸਥਾਪਤ ਹੋ ਚੁੱਕਾ ਸੀ। ਨਰਸਰੀ ਸਕੂਲ, ਐਲੀਮੈਂਟਰੀ ਸਕੂਲ, ਸੈਕੰਡਰੀ ਸਕੂਲ ਅਤੇ ਔਰਤਾਂ ਲਈ ਬਾਲਗ ਸਿੱਖਿਆ ਲਈ ਸਕੂਲ ਸਥਾਪਿਤ ਕੀਤੇ ਗਏ। ਸਾਡੀ 50% ਤੋਂ ਵੱਧ ਆਬਾਦੀ ਅਜੇ ਵੀ ਪੇਂਡੂ ਖੇਤਰ ਅਧੀਨ ਆਉਂਦੀ ਹੈ ਅਤੇ ਸਾਡੀ ਸਰਕਾਰ ਉਨ੍ਹਾਂ ਦੇ ਵਿਕਾਸ ਲਈ ਸੱਚਮੁੱਚ ਗੰਭੀਰ ਹੈ। ਸਰਕਾਰ ਨੇ ਪੇਂਡੂ ਸਿੱਖਿਆ ਨੂੰ ਇੱਕ ਏਜੰਡੇ ਵਜੋਂ ਦੇਖਣਾ ਜਾਰੀ ਰੱਖਿਆ ਜੋ ਨੌਕਰਸ਼ਾਹੀ ਦੇ ਬੈਕਲਾਗ ਅਤੇ ਆਮ ਖੜੋਤ ਤੋਂ ਮੁਕਾਬਲਤਨ ਮੁਕਤ ਹੋ ਸਕਦਾ ਹੈ। ਹਾਲਾਂਕਿ, ਕੁਝ ਮਾਮਲਿਆਂ ਵਿੱਚ, ਵਿੱਤ ਦੀ ਘਾਟ ਭਾਰਤ ਦੀਆਂ ਪੇਂਡੂ ਸਿੱਖਿਆ ਸੰਸਥਾਵਾਂ ਦੁਆਰਾ ਕੀਤੇ ਗਏ ਲਾਭਾਂ ਨੂੰ ਸੰਤੁਲਿਤ ਕਰਦੀ ਹੈ। ਪੇਂਡੂ ਵਿਕਾਸ ਸਕੀਮ ਅਧੀਨ ਬਹੁਤ ਸਾਰੇ ਪ੍ਰੋਗਰਾਮ ਅਤੇ ਸਕੂਲ ਆਏ। ਸਿੱਖਿਆ ਮੰਤਰਾਲਾ ਸਮੱਸਿਆ ਨਾਲ ਨਜਿੱਠਣ ਲਈ ਰੋਜ਼ਾਨਾ ਨਵੇਂ ਅਤੇ ਨਵੀਨਤਾਕਾਰੀ ਵਿਚਾਰ ਲੈ ਕੇ ਆ ਰਿਹਾ ਹੈ, ਕੁਝ ਵਿਚਾਰ ਸਹੀ ਤਾਣੇ 'ਤੇ ਮਾਰਦੇ ਹਨ ਜਦੋਂ ਕਿ ਉਨ੍ਹਾਂ ਵਿੱਚੋਂ ਕੁਝ ਭਾਰਤ ਦੇ ਗਰੀਬਾਂ ਵਿੱਚ ਸਵੀਕਾਰਯੋਗਤਾ ਲੱਭਣ ਵਿੱਚ ਅਸਫਲ ਰਹੇ ਅਤੇ ਸਰਕਾਰ ਦੁਆਰਾ ਕੀਤੇ ਗਏ ਨਿਵੇਸ਼ਾਂ ਦੇ ਕਈ ਵਾਰ ਬਹੁਤ ਘੱਟ ਨਤੀਜੇ ਨਿਕਲਦੇ ਹਨ। ਅੱਜ, ਸਰਕਾਰੀ ਪੇਂਡੂ ਸਕੂਲ ਮਾੜੇ ਫੰਡ ਵਾਲੇ ਅਤੇ ਘੱਟ ਸਟਾਫ਼ ਵਾਲੇ ਹਨ। ਕਈ ਫਾਊਂਡੇਸ਼ਨਾਂ, ਜਿਵੇਂ ਕਿ ਰੂਰਲ ਡਿਵੈਲਪਮੈਂਟ ਫਾਊਂਡੇਸ਼ਨ (ਹੈਦਰਾਬਾਦ), ਸਰਗਰਮੀ ਨਾਲ ਉੱਚ-ਗੁਣਵੱਤਾ ਵਾਲੇ ਪੇਂਡੂ ਸਕੂਲ ਬਣਾਉਂਦੀਆਂ ਹਨ, ਪਰ ਵਿਦਿਆਰਥੀਆਂ ਦੀ ਗਿਣਤੀ ਘੱਟ ਹੈ। ਅੱਜ ਲੋੜ ਇਸ ਸਮੱਸਿਆ ਨਾਲ ਨਜਿੱਠਣ ਲਈ ਕੁਝ ਜਾਗਰੂਕਤਾ ਦੇ ਨਾਲ-ਨਾਲ ਸ਼ਕਤੀਕਰਨ ਦੀ ਵੀ ਹੈ। ਸਰਕਾਰ ਉਨ੍ਹਾਂ ਤੋਂ ਕੰਮ ਕਰਵਾ ਰਹੀ ਹੈਅਤੇ ਹੁਣ ਲੋੜ ਸਰਕਾਰ ਦੁਆਰਾ ਖਰਚੇ ਜਾ ਰਹੇ ਸਾਧਨਾਂ ਦੀ ਪ੍ਰਭਾਵਸ਼ਾਲੀ ਵਰਤੋਂ ਨੂੰ ਯਕੀਨੀ ਬਣਾਉਣ ਦੀ ਹੈ ਅਤੇ ਅਜਿਹਾ ਕਰਨ ਲਈ ਜਾਗਰੂਕਤਾ ਦੀ ਲੋੜ ਹੈ। ਸਮੱਸਿਆ ਨਾਲ ਨਜਿੱਠਣ ਦੇ ਤਰੀਕੇ ਭਾਰਤ ਸਰਕਾਰ, ਅਤੇ ਨਾਲ ਹੀ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ ਸਰਕਾਰਾਂ, ਇਹਨਾਂ ਖੇਤਰਾਂ ਵਿੱਚ ਖਾਸ ਤੌਰ 'ਤੇ ਐਲੀਮੈਂਟਰੀ ਸਕੂਲਿੰਗ ਲਈ ਢੁਕਵੇਂ ਪੇਂਡੂ ਸਿੱਖਿਆ ਬੁਨਿਆਦੀ ਢਾਂਚੇ ਨੂੰ ਸਥਾਪਤ ਕਰਨ ਲਈ ਕਈ ਦਹਾਕਿਆਂ ਤੋਂ ਕੋਸ਼ਿਸ਼ ਕਰ ਰਹੀਆਂ ਹਨ। ਸਰਕਾਰ ਨੇ ਪੇਂਡੂ ਖੇਤਰਾਂ ਵਿੱਚ ਵੱਖ-ਵੱਖ ਆਂਗਣਵਾੜੀ ਕੇਂਦਰ ਵੀ ਬਣਾਏ ਹਨ। ਜਿਵੇਂ ਕਿ ਅਸੀਂ ਪਹਿਲਾਂ ਚਰਚਾ ਕੀਤੀ ਹੈ, ਬਹੁਤੇ ਸਰਕਾਰੀ ਸਕੂਲਾਂ ਵਿੱਚ ਬੁਨਿਆਦੀ ਢਾਂਚਾ ਨਹੀਂ ਹੈ ਜਿਵੇਂ ਕਿ ਸਕੂਲ ਦੀ ਮਜ਼ਬੂਤ ਇਮਾਰਤ, ਕਲਾਸਰੂਮ, ਬਲੈਕ ਬੋਰਡ, ਬੈਠਣ ਅਤੇ ਆਪਣੇ ਅਧਿਆਪਕ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਸੁਣਨ ਲਈ ਢੁਕਵੇਂ ਬੈਂਚ, ਪੀਣ ਵਾਲਾ ਪਾਣੀ, ਮਨੋਰੰਜਨ ਲਈ ਖੇਡ ਦੇ ਮੈਦਾਨ ਅਤੇ ਹੋਰ ਮਨੋਰੰਜਨ ਸਹੂਲਤਾਂ, ਟਾਇਲਟ ਆਦਿ। ਸਕੂਲ ਦੇ ਆਲੇ-ਦੁਆਲੇ ਦੀ ਸਾਫ਼-ਸਫ਼ਾਈ ਆਦਿ। ਉਦਾਹਰਣ ਵਜੋਂ, ਮੋਟਾ ਬਲੈਕਬੋਰਡ ਕੁਝ ਕੁਸ਼ਲ ਅਧਿਆਪਕਾਂ ਨੂੰ ਵੀ ਇਸ 'ਤੇ ਕੁਝ ਲਿਖਣ ਲਈ ਉਤਸ਼ਾਹਿਤ ਨਹੀਂ ਕਰਦਾ। ਇਹ ਅਧਿਆਪਕਾਂ ਨੂੰ ਕੁਝ ਮਹੱਤਵਪੂਰਨ ਚਿੱਤਰਾਂ ਦੇ ਨਾਲ ਵਿਆਖਿਆ ਤੋਂ ਬਚਣ ਲਈ ਉਤਸ਼ਾਹਿਤ ਕਰੇਗਾ ਅਤੇ ਇਸ ਤਰ੍ਹਾਂ ਕੇਵਲ ਜ਼ੁਬਾਨੀ ਸਿੱਖਿਆ ਦੇਵੇਗਾ। ਇਸ ਨਾਲ ਵਿਦਿਆਰਥੀਆਂ ਦਾ ਗਿਆਨ ਪੱਧਰ ਘੱਟ ਜਾਵੇਗਾ। ਕੁਝ ਗੰਭੀਰ ਸੁਧਾਰਾਂ ਦੀ ਲੋੜ ਹੈ। ਸਮੇਂ ਦੀ ਲੋੜ ਹੈ ਕਿ ਬੁਨਿਆਦੀ ਪਰ ਸਭ ਤੋਂ ਜ਼ਰੂਰੀ ਸਹੂਲਤਾਂ ਨੂੰ ਤੁਰੰਤ ਸੁਧਾਰਿਆ ਜਾਵੇ। ਬਹੁਤੇ ਸਰਕਾਰੀ ਸਕੂਲਾਂ ਵਿੱਚ ਟੀਚਿੰਗ ਸਟਾਫ਼ ਅਤੇ ਹੋਰ ਪ੍ਰਸ਼ਾਸਨਿਕ ਅਮਲੇ ਵਿੱਚ ਜਵਾਬਦੇਹੀ ਦੀ ਘਾਟ ਹੈ। ਅਧਿਆਪਕ ਆਪਣੀ ਨੌਕਰੀ ਵਿੱਚ ਰੈਗੂਲਰ ਨਹੀਂ ਹਨ, ਜਦੋਂ ਉਹ ਆਉਂਦੇ ਹਨ ਤਾਂ ਉਹ ਇਮਾਨਦਾਰੀ ਨਾਲ ਕੰਮ ਕਰਨ ਦੇ ਮੂਡ ਵਿੱਚ ਨਹੀਂ ਹੁੰਦੇ ਹਨ। ਸਕੂਲ ਦੇ ਪ੍ਰਬੰਧਕੀ ਸਟਾਫ਼ ਅਤੇ ਅਧਿਆਪਕਾਂ ਦੀ ਆਪਸੀ ਦੋਸਤੀ ਸਿੱਖਿਆ ਦੇ ਕਈ ਪਹਿਲੂਆਂ ਪ੍ਰਤੀ ਲਾਪਰਵਾਹੀ ਲਈ ਜ਼ੰਮੇਵਾਰ ਹੈ। ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਪਿਛਲੇ ਕਈ ਸਾਲਾਂ ਤੋਂ ਪ੍ਰਾਈਵੇਟ ਸਕੂਲ ਕਈ ਪ੍ਰੀਖਿਆਵਾਂ ਦੇ ਨਤੀਜਿਆਂ ਵਿੱਚ ਅੱਵਲ ਰਹੇ ਹਨ। ਕੁਝ ਸਕੂਲਾਂ ਵਿੱਚ ਤਾਂ ਲੇਖਾ ਵਿਭਾਗ ਵਿੱਚ ਵੀ ਜਵਾਬਦੇਹੀ ਅਤੇ ਪਾਰਦਰਸ਼ਤਾ ਦੀ ਘਾਟ ਕਾਰਨ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਕਈ ਅਧਿਆਪਕ ਅਤੇ ਹੋਰ ਸਟਾਫ਼ ਵੀ ਆਲਸੀ ਹੈ। ਇਸ ਤਰ੍ਹਾਂ ਇਨ੍ਹਾਂ ਸਾਰੀਆਂ ਦੁਰਵਿਵਹਾਰਾਂ ਦਾ ਅੰਤਮ ਸ਼ਿਕਾਰ ਮਾਸੂਮ ਬੱਚੇ ਹਨ ਜੋ ਜ਼ਿੰਦਗੀ ਵਿੱਚ ਉੱਤਮ ਹੋਣਾ ਚਾਹੁੰਦੇ ਹਨ। ਸਿੱਖਿਆ ਮੰਤਰਾਲੇ ਨੂੰ ਸਕੂਲਾਂ ਵਿੱਚ ਨਿਯਮਤ ਜਾਂਚ ਦੇ ਨਾਲ-ਨਾਲ ਅਚਨਚੇਤ ਨਿਰੀਖਣ ਕਰਨਾ ਚਾਹੀਦਾ ਹੈ ਤਾਂ ਜੋ ਸਭ ਕੁਝ ਠੀਕ ਚੱਲ ਰਿਹਾ ਹੋਵੇ। ਨਾਲ ਹੀ, ਵਿਦਿਆਰਥੀਆਂ ਤੋਂ ਅਧਿਆਪਕਾਂ ਦੀ ਫੀਡਬੈਕ ਲਈ ਜਾਣੀ ਚਾਹੀਦੀ ਹੈ ਅਤੇ ਸਕੂਲ ਦੇ ਨਤੀਜੇ ਨੂੰ ਧਿਆਨ ਵਿੱਚ ਰੱਖਦਿਆਂ ਵੱਖ-ਵੱਖ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਖੇਤਰ ਦੇ ਮੁਖੀਆਂ ਦੀ ਇੱਕ ਨਿਯਮਤ ਮੀਟਿੰਗ ਹੋਣੀ ਚਾਹੀਦੀ ਹੈ ਜੋ ਕਿਸੇ ਖਾਸ ਖੇਤਰ ਵਿੱਚ ਸਿੱਖਿਆ ਸਕੀਮਾਂ ਦੀ ਦੇਖਭਾਲ ਕਰਦੇ ਹਨ। ਅਧਿਆਪਕਾਂ ਨੂੰ ਚਾਹੀਦਾ ਹੈ ਕਿ ਉਹ ਸਕੂਲਾਂ ਦੇ ਪ੍ਰਿੰਸੀਪਲਾਂ ਦੀ ਮਦਦ ਅਤੇ ਕਾਊਂਸਲਿੰਗ ਨਾਲ ਬੱਚਿਆਂ ਨੂੰ ਪ੍ਰੇਰਿਤ ਅਤੇ ਮਾਰਗਦਰਸ਼ਨ ਕਰਨ। ਸਕੂਲਾਂ ਵਿੱਚ ਸਕੂਲ ਛੱਡਣ ਦੀਆਂ ਦਰਾਂ ਨੂੰ ਘਟਾਉਣ ਲਈ ਬਹੁਤ-ਪ੍ਰਚਾਰਿਤ ਕੀਤੀ ਗਈ ਮਿਡ-ਡੇ-ਮੀਲ ਸਕੀਮ ਦੇ ਲੋੜੀਂਦੇ ਨਤੀਜੇ ਸਾਹਮਣੇ ਨਹੀਂ ਆ ਰਹੇ ਹਨ। ਇਸ ਦਾ ਕਾਰਨ ਸਕੀਮ ਲਈ ਫੰਡਾਂ ਦੀ ਦੁਰਵਰਤੋਂ, ਕੁਪ੍ਰਬੰਧਨ, ਲਾਗੂ ਕਰਨ ਵਾਲੇ ਅਧਿਕਾਰੀਆਂ ਦੀ ਗੰਭੀਰਤਾ ਦੀ ਘਾਟ, ਫੰਡਾਂ ਦੀ ਵੰਡ, ਗਰੀਬ ਬੱਚਿਆਂ ਦੇ ਮਾਪਿਆਂ ਵਿੱਚ ਜਾਗਰੂਕਤਾ ਦੀ ਘਾਟ ਆਦਿ ਕਾਰਨ ਹੈ। ਕੁਝ ਰਿਪੋਰਟਾਂ ਅਨੁਸਾਰ, ਭੋਜਨ ਦੀ ਗੁਣਵੱਤਾ ਘਟੀਆ ਸਰਕਾਰ ਵੱਲੋਂ ਚਲਾਈਆਂ ਜਾ ਰਹੀਆਂ ਸਕੀਮਾਂ ਅਤੇ ਪ੍ਰੋਗਰਾਮਾਂ ਬਾਰੇ ਉਚਿਤ ਜਾਗਰੂਕਤਾ ਪੈਦਾ ਕੀਤੀ ਜਾਣੀ ਚਾਹੀਦੀ ਹੈ। ਸਾਰੇ ਲਾਭਪਾਤਰੀਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਦੀ ਸਹੀ ਜਾਣਕਾਰੀ ਹੋਣੀ ਚਾਹੀਦੀ ਹੈ। ਇਸ ਲਈ ਅੱਜ ਲੋੜ ਹੈ ਆਪਣੇ ਦੇਸ਼ ਦੇ ਉੱਜਵਲ ਭਵਿੱਖ ਲਈ ਲੋਕਾਂ ਵਿੱਚ ਜਾਗਰੂਕਤਾ ਦੇ ਨਾਲ-ਨਾਲ ਪ੍ਰੇਰਨਾ ਪੈਦਾ ਕਰਨ ਦੀ।

www.lokbani.com
Email : Lokbani08@gmail.com







ਅਦਾਰਾ 'ਲੋਕ ਬਾਣੀ' ਵਿੱਚ ਛਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ, ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ, ਪੁਸ਼ਟੀ ਕਰ ਲੈਣ। -ਸੰਪਾਦਕ

daily lok bani (punjabi) R.N.I. Punpun29016,2018 Editor,Owner,printer,Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, jalandhar (India), contect NO: 0181-2211009, fax : 2211009, Email Id: lokbani08@gmail.com